ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030305
Available online at: www.armaan.org.in
DOI: https://doi.org/10.64119/armaan.vol.3.issue3.05

# ਭਾਰਤ ਦੀ ਅਜ਼ਾਦੀ ਵਿਚ ਗ਼ਦਰ ਲਹਿਰ ਦਾ ਯੋਗਦਾਨ

# BHARAT DI AZADI VICH GADAR LAHIR DA YOGDAAN

**ਕਰਮਜੀਤ ਕੌਰ** (Karamjeet Kaur)

**ਖੋਜਾਰਥਣ** (Research Scholar)

**ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ**

Email ID: karamjeet15315@gmail.com **ਮੋਬਾਈਲ:** +91-95690-35950

**ਸਾਰ (Abstract)**

*ਭਾਰਤ ਦੀ ਅਜ਼ਾਦੀ ਦੇ ਇਤਿਹਾਸ ਵਿਚ ਗ਼ਦਰ ਲਹਿਰ ਦਾ ਜ਼ਿਕਰ ਬਹੁਤ ਸੰਖੇਪ ਵਿਚ ਮਿਲਦਾ ਹੈ। ਗ਼ਦਰ ਪਾਰਟੀ ਦੇ ਇਤਿਹਾਸ ਬਾਰੇ ਇਤਿਹਾਸਕ ਪੁਸਤਕਾਂ ਵਿਚ ਵੀ ਨਾ-ਮਾਤਰ ਵੇਰਵੇ ਹੀ ਸ਼ਾਮਲ ਹਨ। ਇਸੇ ਲੜੀ ਤਹਿਤ ਜਦੋਂ ਅਸੀਂ ਅੰਗਰੇਜ਼ ਅਫ਼ਸਰਾਂ ਦੀਆਂ ਲਿਖਤਾਂ ਅਤੇ ਸਰਕਾਰੀ ਰਿਕਾਰਡਾਂ ਨੂੰ ਵੇਖਦੇ ਹਾਂ ਤਾਂ ਗ਼ਦਰ ਲਹਿਰ ਨਾਲ ਸੰਬੰਧਿਤ ਬਹੁਤ ਸਾਰੇ ਦਸ਼ਤਾਵੇਜ਼ ਮਿਲ ਜਾਂਦੇ ਹਨ। ਇਹ ਦਸਤਾਵੇਜ਼ ਗ਼ਦਰੀਆਂ ਉੱਤੇ ਚਲਾਏ ਗਏ ਮੁਕੱਦਮਿਆਂ, ਸਜ਼ਾਵਾਂ ਅਤੇ ਜਾਇਦਾਦ ਜ਼ਬਤੀ ਨਾਲ ਸੰਬੰਧਿਤ ਹਨ। ਗ਼ਦਰ ਲਹਿਰ ਵਿਚ ਭੂਮਿਕਾ ਨਿਭਾਉਣ ਵਾਲੇ ਸਰਗਰਮ ਵਿਅਕਤੀਆਂ ਦੀਆਂ ਲਿਖਤਾਂ ਭਾਰਤ ਨੂੰ ਅਜ਼ਾਦ ਕਰਵਾਉਣ, ਅੰਗਰੇਜ਼ਾਂ ਦੀਆਂ ਵਧੀਕੀਆਂ, ਭਾਰਤੀ ਲੋਕਾਂ ਨੂੰ ਜਾਗਰੂਕ ਕਰਨਾ ਆਦਿ ਦਾ ਉਲੇਖ ਕਰਦੀਆਂ ਹਨ। ਅਸੀਂ ਇਸ ਖੋਜ ਪੱਤਰ ਰਾਹੀਂ ਗ਼ਦਰ ਲਹਿਰ ਦਾ ਭਾਰਤ ਦੀ ਅਜ਼ਾਦੀ ਵਿਚ ਪਾਏ ਯੋਗਦਾਨ ਬਾਰੇ ਚਰਚਾ ਕਰਾਂਗੇ। ਇਸ ਅਧੀਨ ਗ਼ਦਰੀਆਂ ਵਿਚ ਪੈਦਾ ਹੋਈ ਅਜ਼ਾਦੀ ਦੀ ਚਿਣਗ, ਗ਼ਦਰ ਲਹਿਰ ਦੇ ਸ਼ੁਰੂਆਤੀ ਦੌਰ, ਗ਼ਦਰੀ ਸਾਹਿਤ ਅਤੇ ਗ਼ਦਰ ਪ੍ਰਚਾਰ ਦਾ ਅਧਿਐਨ ਕਰਾਂਗੇ।*

***ਕੀਵਰਡ (Keyword): ਗ਼ਦਰ ਲਹਿਰ, ਗ਼ਦਰ ਸਾਹਿਤ, ਹਿੰਦੀ, ਬ੍ਰਿਟਿਸ਼ ਹਕੂਮਤ, ਕੌਮੀ ਆਜ਼ਾਦੀ, ਗ਼ੁਲਾਮੀ।***

## ਭੂਮਿਕਾ

19ਵੀਂ ਸਦੀ ਦੇ ਅੰਤਿਮ ਦਹਾਕੇ ਅਤੇ 20ਵੀਂ ਸਦੀ ਦੇ ਸ਼ੁਰੂਆਤੀ ਦਹਾਕੇ ਵਿਚ ਭਾਰਤੀਆਂ ਨੇ ਬਾਹਰਲੇ ਮੁਲਕਾਂ ਵੱਲ ਜਾਣਾ ਸ਼ੁਰੂ ਕੀਤਾ ਇਸ ਸਮੇਂ ਭਾਰਤ ਨੂੰ ਆਰਥਿਕ ਸੰਕਟ ਅਤੇ ਰਾਜਨੀਤਕ ਦਮਨ ਨੇ ਘੇਰਿਆ ਹੋਇਆ ਸੀ। ਭਾਈ ਭਗਵਾਨ ਲਿਖਦੇ ਹਨ-

*"ਅੰਗਰੇਜ਼ਾਂ ਨੇ ਹਿੰਦੁਸਤਾਨ ਵਿਚ ਲੋਕਾਂ ਨੂੰ ਭੁੱਖੇ ਰੱਖ ਕੇ ਕਤਲ ਕੀਤਾ ਜੋ ਫਰੰਗੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਸਨ। ਅਜ਼ਾਦੀ ਦੀ ਜੰਗ ਵਿਚ ਵੀ ਇੰਨਾ ਪੈਸਾ ਖਰਚ ਨਹੀਂ ਹੋਵੇਗਾ ਜਿੰਨਾ ਹਿੰਦੁਸਤਾਨ ਵਿਚੋਂ ਫਰੰਗੀ ਡਾਕੂ ਲੁੱਟ ਕੇ ਲੈ ਜਾਂਦੇ ਸਨ।" [1]*

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੰਗਰੇਜ਼ਾਂ ਨੇ ਭਾਰਤ ਦੇ ਮੰਦਰਾਂ, ਕਿਲ੍ਹਿਆਂ, ਅਜਾਇਬ ਘਰਾਂ ਆਦਿ ਵਿਚੋਂ ਬਹੁਮੁੱਲੀਆਂ ਅਤੇ ਕੀਮਤੀ ਵਸਤਾਂ ਜੋ ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਵਰਗੇ ਮੁਲਕਾਂ ਦੇ ਅਜਾਇਬ ਘਰਾਂ ਵਿਚ ਪਈਆਂ ਗਵਾਹੀ ਭਰਦੀਆਂ ਹਨ। ਬਾਹਰਲੇ ਮੁਲਕਾਂ ਵਿਚ ਜਾਣ ਵਾਲਿਆਂ ਵਿਚੋਂ ਬਹੁ-ਗਿਣਤੀ ਪੰਜਾਬ ਦੇ ਕਿਸਾਨਾਂ ਦੀ ਸੀ ਜਿਨ੍ਹਾਂ ਨੇ ਅੰਗਰੇਜ਼ੀ ਰਾਜ ਦੌਰਾਨ ਲਾਇਲਪੁਰ, ਮਿੰਟਗੁਮਰੀ, ਮੁਲਤਾਨ, ਸਰਗੋਧੇ ਆਦਿ ਦੀਆਂ ਬਾਰਾਂ ਨੂੰ ਆਬਾਦ ਕੀਤਾ। ਬਾਰਾਂ ਦੇ ਅਬਾਦ ਕਰਨ 'ਤੇ ਵੀ ਉਨ੍ਹਾਂ ਦੀ ਆਰਥਿਕ ਹਾਲਤ ਵਿਚ ਕੋਈ ਬਦਲਾਵ ਨਾ ਆਇਆ। ਪੰਜਾਬ ਦੇ ਕਿਸਾਨਾਂ ਨੇ ਪਹਿਲਾਂ ਪਹਿਲ ਬਰਮਾ, ਮਲਾਇਆ, ਹਾਂਗਕਾਂਗ, ਸ਼ਿੰਘਾਈ, ਸਿੰਗਾਪੁਰ, ਚੀਨ ਆਦਿ ਥਾਵਾਂ ਉਤੇ ਜਾ ਕੇ ਫ਼ੌਜ, ਪੁਲਿਸ ਅਤੇ ਚੌਂਕੀਦਾਰ ਦੀ ਨੌਕਰੀ ਕੀਤੀ ਇਥੇ ਉਨ੍ਹਾਂ ਨੂੰ ਭਾਰਤ ਨਾਲੋਂ ਜ਼ਿਆਦਾ ਮਜ਼ਦੂਰੀ ਮਿਲ ਜਾਂਦੀ ਸੀ।

*"ਪਹਿਲਾ ਕਾਰਨ, ਵਿਦੇਸ਼ ਜਾਣ ਵਾਲਿਆਂ ਵਿਚ ਨਾ ਤਾਂ ਕੋਈ ਅਮੀਰ ਜ਼ਿਮੀਂਦਾਰ ਅਤੇ ਨਾ ਹੀ ਕੋਈ ਗ਼ਰੀਬ ਮੁਜ਼ਾਰਾ ਸੀ। ਇਨ੍ਹਾਂ ਵਿਚ ਵਧੇਰੇ ਗਿਣਤੀ ਦਰਮਿਆਨੇ ਮਾਲਕ ਕਿਸਾਨਾਂ ਦੀ ਸੀ। ਦੂਸਰਾ, ਜ਼ਿਮੀਂਦਾਰ ਅੰਗਰੇਜ਼ ਸਰਕਾਰ ਦੇ ਪਿੱਠੂ ਸਨ, ਕਿਉਂਕਿ ਉਹ ਹਕੂਮਤ ਦੀ ਸੱਜੀ ਬਾਂਹ ਸਨ। ਉਹਨਾਂ ਨੂੰ ਵਿਦੇਸ਼ਾਂ ਵਿਚ ਠੋਕਰਾਂ ਖਾਣ ਦੀ ਲੋੜ ਨਹੀਂ ਸੀ, ਇਸ ਤੋਂ ਬਾਅਦ ਮੁਜ਼ਾਰੇ (ਮਜ਼ਦੂਰ) ਦੀ ਏਨੀ ਹੈਸੀਅਤ ਨਹੀਂ ਸੀ, ਕਿ ਕਿਰਾਏ ਅਤੇ ਸਫ਼ਰ ਦੇ ਖਰਚੇ ਲਈ ਧਨ*

*ਹਾਸਿਲ ਕਰ ਸਕੇ। ਇਸ ਲਈ ਦਰਮਿਆਨਾ ਕਿਸਾਨ ਹੀ ਸੀ, ਜੋ ਜ਼ਮੀਨ ਗਹਿਣੇ ਧਰ ਕੇ ਸ਼ਾਹੂਕਾਰ ਤੋਂ ਕਰਜ਼ਾ ਲੈ ਕੇ ਵਿਦੇਸ਼ ਨੂੰ ਜਾ ਸਕਦਾ ਸੀ।"* [2]

ਪੈਸੇ ਦੀ ਥੁੜ੍ਹ ਕਾਰਨ ਪੰਜਾਬੀ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਸ਼ਾਹੂਕਾਰਾਂ ਦੇ ਹਵਾਲੇ ਕਰਕੇ ਜਾ ਰਹੇ ਸਨ। ਹੁਣ ਇਹਨਾਂ ਲੋਕਾਂ ਨੂੰ ਮਲਾਇਆ ਤੇ ਚੀਨ ਵਿਚ ਰਹਿੰਦਿਆਂ ਕਾਫ਼ੀ ਸਮਾਂ ਬੀਤ ਗਿਆ, ਤਾਂ ਇਹਨਾਂ ਨੇ ਕੁਝ ਰੁਪਿਆ-ਪੈਸਾ ਕਮਾ ਲਿਆ ਤੇ ਦੇਸ਼ 'ਚੋਂ ਚੁੱਕਿਆ ਕਰਜ਼ਾ ਲਾਹ ਦਿੱਤਾ, ਤਾਂ ਇਹਨਾਂ ਲੋਕਾਂ ਵਿਚ ਸਿੱਖੀ ਰਵਾਇਤ ਦੇ ਮੁਤਾਬਕ ਗੁਰਦੁਆਰੇ ਸਥਾਪਤ ਕਰਨ ਦਾ ਖ਼ਿਆਲ ਪੈਦਾ ਹੋਇਆ। ਇਹ ਗੁਰਦੁਆਰੇ ਹੀ ਅੱਗੇ ਜਾ ਕੇ ਉਨ੍ਹਾਂ ਵਿਚ ਸਦਭਾਵਨਾ, ਭਾਈਚਾਰੇ ਅਤੇ ਸਾਂਝੀਵਾਲਤਾ ਦਾ ਕੇਂਦਰ ਬਣੇ ਇਥੇ ਹੀ ਸਿਆਸੀ ਸਭਾਵਾਂ ਕਰਦੇ ਸਨ ਜਿਥੇ ਸਾਰੇ ਭਾਰਤੀ ਬਿਨਾਂ ਕਿਸੇ ਭੇਦ-ਭਾਵ ਦੇ ਇਕੱਠੇ ਹੁੰਦੇ ਸਨ। ਹੌਲੀ-ਹੌਲੀ ਉਨ੍ਹਾਂ ਵਪਾਰੀਆਂ ਕੋਲੋਂ ਕੈਨੇਡਾ ਅਤੇ ਅਮਰੀਕਾ ਵਿਚ ਮਿਲਣ ਵਾਲੀ ਵਧੇਰੇ ਮਜ਼ਦੂਰੀ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਉਸ ਪਾਸੇ ਵੀ ਜਾਣਾ ਸ਼ੁਰੂ ਕਰ ਦਿੱਤਾ।

ਭਾਰਤੀ ਪਰਵਾਸੀ ਪੈਸਾ ਕਮਾਉਣ ਅਤੇ ਆਪਣੇ ਜੀਵਨ ਨੂੰ ਖੁਸ਼ਹਾਲ ਕਰਨਾ ਚਾਹੁੰਦੇ ਸਨ। ਪੈਸਾ ਕਮਾਉਣ ਆਏ ਭਾਰਤੀਆਂ ਤੋਂ ਪਹਿਲਾਂ ਇਕ ਵਰਗ ਬਾਹਰਲੇ ਮੁਲਕਾਂ ਵਿਚ ਆ ਚੁਕਿਆ ਸੀ ਜੋ ਕਿ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਕਿਸੇ ਸੰਗਠਨ ਦੀ ਭਾਲ ਵਿਚ ਸੀ।

*'ਸਿਆਟਲ ਅਮਰੀਕਾ ਦਾ ਇਕ ਸ਼ਹਿਰ ਹੈ। ਤਾਰਕ ਨਾਥ ਦਾਸ ਅਤੇ ਉਸਦੇ ਸਾਥੀਆਂ ਨੇ 'ਫਰੀ ਹਿੰਦੋਸਤਾਨ' ਨਾਂ ਦਾ ਇਕ ਇਨਕਲਾਬੀ ਪਰਚਾ ਕੱਢਿਆ ਸੀ। ਤਾਰਕ ਨਾਥ ਦਾਸ ਨੇ ਆਪਣੀ ਰਿਹਾਇਸ਼ ਦਾ ਨਾਂ ਯੁਗਾਂਤਰ ਆਸ਼ਰਮ ਰੱਖਿਆ ਸੀ। ਸਾਨੂੰ ਸਰਕਾਰੀ ਆਰਕਾਈਵਜ਼ ਤੋਂ ਪਤਾ ਲੱਗਦਾ ਹੈ ਕਿ ਸਿਆਟਲ ਵਿਚ 1906 ਵਿਚ ਹੀ ਹਿੰਦੋਸਤਾਨ ਐਸੋਸੀਏਸ਼ਨ ਬਣ ਗਈ ਸੀ। ਸਿਆਟਲ ਦੇ ਇਸ ਇਨਕਲਾਬੀ ਕੇਂਦਰ ਦੇ ਪੈਰਿਸ ਵਿਚਲੇ ਇਨਕਲਾਬੀਆਂ ਨਾਲ ਨਜ਼ਦੀਕੀ ਸੰਬੰਧ ਸਨ।'* [3]

ਉਨ੍ਹਾਂ ਨੇ ਕੁਝ ਅਖ਼ਬਾਰ ਕੱਢ ਕੇ ਅੰਗਰੇਜ਼ੀ ਸਰਕਾਰ ਦੇ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ ਪਰ ਇਸਦਾ ਪ੍ਰਭਾਵ ਭਾਰਤੀ ਕਾਮਿਆਂ ਉੱਤੇ ਨਾ ਪਿਆ। ਇਹ ਅਖ਼ਬਾਰ ਚੰਦ-ਕੁ ਵਿਅਕਤੀਆਂ ਦੁਆਰਾ ਸ਼ੁਰੂ ਕੀਤਾ ਗਿਆ ਸੀ ਜਿਸਦਾ ਪਰਵਾਸੀ ਭਾਰਤੀਆਂ ਉੱਤੇ ਕੋਈ ਪ੍ਰਭਾਵ ਨਾ ਪਿਆ ਅਤੇ ਕੁਝ ਸਮੇਂ ਬਾਅਦ ਬੰਦ ਹੋ ਗਿਆ। ਗ਼ੁਲਾਮੀ ਨੂੰ ਵਿਅਕਤੀ ਨਿੱਜੀ ਤੌਰ 'ਤੇ ਮਹਿਸੂਸ ਕਰਦਾ ਹੈ ਜਦੋਂ ਤੱਕ ਇਹ ਮਹਿਸੂਸ ਨਾ ਹੋਵੇ ਉਦੋਂ ਤੱਕ ਵਿਅਕਤੀ ਕੁਝ ਵੀ ਕਰਨ ਦਾ ਯਤਨ ਨਹੀਂ ਕਰਦਾ। ਗ਼ਦਰ ਲਹਿਰ ਦੇ ਸਮਰੱਥਕਾਂ ਨਾਲ ਵੀ ਇਸ ਤਰ੍ਹਾਂ ਹੀ ਹੋਇਆ ਜਦੋਂ ਬਾਹਰਲੇ ਮੁਲਕਾਂ ਵਿਚ ਉਨ੍ਹਾਂ ਨਾਲ ਅਨਿਆਂ, ਭੇਦ-ਭਾਵ, ਵਿਤਕਰੇ ਵਰਗੀਆਂ ਘਟਨਾਵਾਂ ਵਾਪਰੀਆਂ ਤਾਂ ਉਨ੍ਹਾਂ ਨੇ ਪਾਰਟੀ ਵੀ ਬਣਾਈ ਅਤੇ ਪਾਰਟੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਰ ਸੰਭਵ ਯਤਨ ਕੀਤੇ।

**ਭਾਰਤ ਦੀ ਅਜ਼ਾਦੀ ਵਿਚ ਗ਼ਦਰ ਲਹਿਰ ਦਾ ਯੋਗਦਾਨ**

ਕਿਸਾਨਾਂ ਦੇ ਨਾਲ-ਨਾਲ ਵਿਦਿਆਰਥੀ ਵਰਗ ਵੀ ਬਾਹਰਲੇ ਮੁਲਕਾਂ ਵਿਚ ਪੜ੍ਹਾਈ ਕਰਨ ਲਈ ਆਇਆ। ਭਾਰਤੀ ਵਿਦਿਆਰਥੀ ਪੜ੍ਹਾਈ ਉਤੇ ਅਗੋਂ ਹੋਣ ਵਾਲੇ ਖਰਚੇ ਦਾ ਪ੍ਰਬੰਧ ਕਰਨ ਲਈ, ਕੰਮ ਦੀ ਭਾਲ ਵਿਚ ਖੇਤਾਂ ਅਤੇ ਕਾਰਖ਼ਾਨਿਆਂ ਵਿਚ ਜਾਂਦੇ ਸਨ। ਉਨ੍ਹਾਂ ਦਾ ਟਿਕਾਣਾ ਭਾਰਤੀ ਮਜ਼ਦੂਰਾਂ ਦੀਆਂ ਬਸਤੀਆਂ ਵਿਚ ਹੀ ਹੁੰਦਾ ਸੀ। ਉਨ੍ਹਾਂ ਨਾਲ ਮੇਲ ਮਿਲਾਪ ਤੋਂ ਬਾਅਦ ਅਨਪੜ੍ਹ ਭਾਰਤੀ ਮਜ਼ਦੂਰਾਂ ਨੂੰ ਗ਼ੁਲਾਮ ਅਤੇ ਆਜ਼ਾਦ ਦੇਸ਼ਾਂ ਦੇ ਜੀਵਨ ਬਾਰੇ ਸਮਝਾਉਂਦੇ। ਉਨ੍ਹਾਂ ਨੂੰ ਭਾਰਤ, ਅਮਰੀਕਾ ਅਤੇ ਹੋਰ ਅੰਤਰਰਾਸ਼ਟਰੀ ਹਾਲਾਤ ਬਾਰੇ ਅਜਿਹੀਆਂ ਗੱਲਾਂ ਦਸਦੇ ਜੋ ਉਨ੍ਹਾਂ ਨੇ ਨਹੀਂ ਸੁਣੀਆਂ ਸਨ। ਇਨ੍ਹਾਂ ਭਾਰਤੀ ਵਿਦਿਆਰਥੀਆਂ ਦੇ ਮੇਲ ਮਿਲਾਪ ਨਾਲ ਭਾਰਤੀ ਮਜ਼ਦੂਰਾਂ ਵਿਚ ਬਹੁਤ ਜਾਗਰਤੀ ਆਈ। ਲਾਲਾ ਹਰਦਿਆਲ ਬਰਕਲੇ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸਨ ਉਹਨਾਂ ਦੀ ਭਾਰਤ ਦੀਆਂ ਪ੍ਰਸਥਿਤੀਆਂ ਬਾਰੇ ਵਿਦਿਆਰਥੀਆਂ ਦੇ ਨਾਲ ਆਪਸੀ ਵਿਚਾਰ-ਚਰਚਾ ਹੁੰਦੀ ਰਹਿੰਦੀ ਸੀ। ਇਹਨਾਂ ਵਿਦਿਆਰਥੀਆਂ ਨੇ ਲਾਲਾ ਹਰਦਿਆਲ ਅਤੇ ਪਰਵਾਸੀ ਮਜ਼ਦੂਰਾਂ ਦੇ ਵਿਚਕਾਰ ਇਕ ਕੜੀ ਵਜੋਂ ਕਾਰਜ ਕੀਤਾ। ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ-

*"ਹੁਣ ਪੰਜਾਬ ਦਾ ਇਹ ਹਿੰਦੀ ਕਿਸਾਨ, ਕਿਸਾਨ ਰੂਪ ਤਿਆਗ ਕੇ ਮਜ਼ਦੂਰ ਦੀ ਸ਼ਕਲ ਅਖਤਿਆਰ ਕਰ ਗਿਆ ਜਦੋਂ ਇਹ ਕਿਸਾਨ ਪੰਜਾਬ ਵਿਚ ਸਨ ਤਾਂ ਇਹਨਾਂ ਦਾ ਦਿਮਾਗ ਘਮੰਡੀ ਜ਼ਿਮੀਂਦਾਰ ਤੋਂ ਘੱਟ ਨਹੀਂ ਸੀ ਇਹ ਆਪਣੇ ਆਪ ਨੂੰ ਸਰਦਾਰ ਅਤੇ ਗ਼ੈਰ-ਜ਼ਮੀਦਾਰਾਂ ਨੂੰ ਕੰਮੀਂ-ਕਮੀਨ ਸਮਝਦਾ ਸੀ। ਪਰ ਹੁਣ ਜਦੋਂ ਇਸਦਾ ਵਾਹ ਜ਼ਿਮੀਂਦਾਰਾਂ ਦੇ ਕਾਰਖਾਨਿਆਂ ਨਾਲ ਪਿਆ, ਤਾਂ ਇਨ੍ਹਾਂ ਨੂੰ ਪਤਾ ਲੱਗਾ ਕਿ ਉਹ ਹੁਣ ਸਰਦਾਰ ਨਹੀਂ, ਦਰਅਸਲ ਬਹੁਤ ਬਦਤਰ ਕਿਸਮ ਦਾ ਗ਼ੁਲਾਮ ਹੈ। ਜਦੋਂ ਜ਼ਮੀਂਦਾਰ ਤੇ ਕਾਰਖਾਨੇ ਦਾ ਫੋਰਮੈਨ ਉਸਦੇ ਸਿਰ 'ਤੇ ਖੜ੍ਹਾ ਹੋ ਕੇ ਹਰ ਪੰਜ ਮਿੰਟ ਬਾਅਦ ਉਸਨੂੰ –'ਹਰੀ ਅਪ/harry up' (ਛੇਤੀ ਕਰੋ) ਕਹਿੰਦਾ, ਤਾਂ ਉਹ ਜ਼ਰਾ ਡਰਦਾ ਮਾਰਾ ਦੌੜਿਆ ਫਿਰਦਾ ਅਤੇ ਆਪਣੀ ਬੇਬਸੀ 'ਤੇ ਹੰਝੂ ਕੇਰ੍ਹਦਾ। ਉਸਦੀ ਮਜਬੂਰੀ ਇਹ ਸੀ ਕਿ ਉਸਨੂੰ ਇਹ ਗੱਲ ਸਮਝ ਹੀ ਨਹੀਂ ਪੈ ਰਹੀ ਸੀ ਕਿ ਉਸ ਨਾਲ ਇਹ ਅਣਮਨੁੱਖੀ*

*ਸਲੂਕ ਕਿਉਂ ਹੋ ਰਿਹਾ ਹੈ?"* [4]

ਇਸ ਅਣਮਨੁੱਖੀ ਸਲੂਕ ਨੇ ਹੀ ਸੂਝ-ਬੂਝ ਦੇ ਅੰਸ਼ ਪੈਦਾ ਕੀਤੇ ਉਨ੍ਹਾਂ ਨੇ ਆਪਣੇ ਨਾਲ ਹੁੰਦੇ ਵਿਵਹਾਰਾਂ ਨੂੰ ਇਕ ਦੂਜੇ ਨਾਲ ਸਾਂਝਾ ਕੀਤਾ ਅਤੇ ਇਸ ਵਿਵਹਾਰ ਨੂੰ ਬਦਲਣ ਲਈ ਤਰਕੀਬਾਂ ਲੱਭਣ ਲੱਗੇ। ਇਹ ਲੋਕ ਵਿਦੇਸ਼ਾਂ ਵਿਚ ਜਾ ਕੇ ਧਨ ਤਾਂ ਕਮਾਉਣ ਲਗ ਪਏ, ਪਰ ਰੰਗ, ਨਸਲ ਅਤੇ ਇਕ ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਣ ਉਨ੍ਹਾਂ ਨਾਲ ਉਥੇ ਚੰਗਾ ਸਲੂਕ ਨਾ ਕੀਤਾ ਗਿਆ। ਇਸ ਤਰ੍ਹਾਂ ਦੇਸ਼ ਤੋਂ ਬਾਹਰ ਗਏ ਭਾਰਤੀਆਂ ਨੂੰ ਆਪਣੇ ਆਤਮ-ਸਨਮਾਨ ਸੁਤੰਤਰਤਾ ਦੀ ਖੂਬੀ ਅਤੇ ਗ਼ੁਲਾਮੀ ਦੇ ਦੁੱਖ ਦਾ ਅਹਿਸਾਸ ਹੋਣ ਲੱਗ ਪਿਆ। ਇਸ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਸੰਗਠਿਤ ਕਰਕੇ ਭਾਰਤ ਨੂੰ ਅਜ਼ਾਦ ਕਰਵਾਉਣ ਦੇ ਯਤਨ ਆਰੰਭ ਕੀਤੇ।

ਗ਼ਦਰ ਪਾਰਟੀ ਭਾਰਤ ਦੀ 'ਪੂਰਨ ਅਜ਼ਾਦੀ' ਲਈ ਲੜੀ ਗਈ ਲਹਿਰ ਸੀ। ਪੂਰਨ ਅਜ਼ਾਦੀ ਤੋਂ ਭਾਵ ਇਹ ਹੈ ਕਿ ਜਿਥੇ ਲੋਕਾਂ ਦੀ ਜ਼ਿੰਦਗੀ ਆਰਥਿਕ ਅਤੇ ਸਮਾਜਿਕ ਤੌਰ 'ਤੇ ਬਰਾਬਰ ਹੋਵੇ ਲੋਕਾਂ ਵਿਚ ਪਏ ਨਾ-ਬਰਾਬਰੀ ਦੇ ਪਾੜ ਨੂੰ ਖਤਮ ਕੀਤਾ ਜਾਵੇ। ਇਸ ਦੀ ਪ੍ਰਾਪਤੀ ਲਈ ਹਥਿਆਰਬੰਦ ਇਨਕਲਾਬ ਵਿਚ ਉਨ੍ਹਾਂ ਦਾ ਪੂਰਾ ਵਿਸ਼ਵਾਸ ਸੀ। ਇਸ ਬਾਰੇ ਗ਼ਦਰ ਗੂੰਜ ਵਿਚ ਸਪਸ਼ਟ ਕਿਹਾ ਹੈ:

*ਕਦੇ ਮੰਗਿਆ ਮਿਲਣ ਅਜ਼ਾਦੀਆਂ ਨਾ,*
*ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ।*

ਇਥੇ ਸਪੱਸ਼ਟ ਹੁੰਦਾ ਹੈ ਕਿ ਗ਼ਦਰੀਆਂ ਦੇ ਮਨਾਂ ਵਿੱਚ ਅਜ਼ਾਦੀ ਦੇ ਖਿਆਲਾਤ 'ਗ਼ੁਲਾਮੀ ਦੀ ਜ਼ਿਲੱਤ' ਵਿਚੋਂ ਪੈਦਾ ਹੋਏ ਇਸ ਤੋਂ ਪਹਿਲਾਂ ਉਹ ਸੁਚੇਤ ਰੂਪ ਵਿਚ ਗ਼ੁਲਾਮ ਹੋਣ ਦੇ ਤਸ਼ੱਦਦ ਵਿਚੋਂ ਨਹੀਂ ਗੁਜ਼ਰੇ ਸਨ। ਗ਼ੁਲਾਮੀ ਨੇ ਹੀ ਅਜ਼ਾਦੀ ਦੀ ਲਹਿਰ ਨੂੰ ਜਨਮ ਦਿੱਤਾ ਉਨ੍ਹਾਂ ਨੇ ਗ਼ੁਲਾਮ ਬਣਾਏ ਜਾਣ ਦੇ ਅਹਿਸਾਸ ਨੂੰ ਸਰੀਰਕ ਅਤੇ ਮਾਨਸਿਕ ਰੂਪ ਵਿਚ ਹੰਢਾਇਆ ਜਿਸ ਵਿਚੋਂ ਅਜ਼ਾਦੀ ਦਾ ਬੀਜ ਪੁੰਗਰਿਆ ਜੋ ਗ਼ਦਰ ਲਹਿਰ ਦੇ ਰੂਪ ਵਿਚ ਸਥਾਪਿਤ ਹੋਇਆ। ਪ੍ਰਿਥਵੀ ਸਿੰਘ ਅਜ਼ਾਦ ਲਿਖਦੇ ਹਨ ਕਿ,

*'ਲਾਲਾ ਹਰਦਿਆਲ ਪੰਜਾਬੀਆਂ ਦੇ ਮਨਾਂ ਵਿਚ ਦੇਸ਼ ਨੂੰ ਅਜ਼ਾਦ ਕਰਵਾਉਣ ਦੇ ਪੈਦਾ ਹੋਏ ਖਿਆਲ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਹੁਣ ਭਾਰਤ ਵਿਚ ਇਨਕਲਾਬ ਹੋ ਸਕਦਾ ਹੈ ਕਿਉਂਕਿ ਪਹਿਲਾ, ਪੰਜਾਬੀਆਂ ਦੇ ਮਨ ਵਿਚ ਜੋ ਖਿਆਲ ਪੈਦਾ ਹੁੰਦੇ ਹਨ ਉਹ ਉਨ੍ਹਾਂ ਨੂੰ ਅਮਲੀ ਰੂਪ ਦੇ ਦਿੰਦੇ ਹਨ। ਦੂਸਰਾ, ਅਮਰੀਕਾ ਦਾ ਵਾਤਾਵਰਨ ਇਨਕਲਾਬੀ ਖਿਆਲਾਂ ਦੇ ਅਨੁਕੂਲ ਸੀ।'* [5]

ਪੰਜਾਬ ਦੇ ਮਜ਼ਦੂਰਾਂ ਨੇ ਬਾਹਰਲੇ ਮੁਲਕਾਂ ਵਿਚ ਮਿਹਨਤ ਕਰਕੇ ਕਾਰਖਾਨੇਦਾਰਾਂ ਨਾਲ ਕਾਫ਼ੀ ਗੂੜ੍ਹੇ ਸੰਬੰਧ ਕਾਇਮ ਕਰ ਲਏ ਸਨ। ਉਹ ਦਿਨ-ਰਾਤ ਦੀ ਪਰਵਾਹ ਕੀਤੇ ਬਿਨਾਂ ਸਿਰੜ ਨਾਲ ਕੰਮ ਕਰਕੇ ਪੈਸਾ ਕਮਾ ਰਹੇ ਸਨ। ਵੱਖ-ਵੱਖ ਮੁਲਕਾਂ ਵਿਚ ਰਹਿੰਦੇ ਅਤੇ ਵੱਖ-ਵੱਖ ਵਰਗਾਂ ਨਾਲ ਸਬੰਧਿਤ ਭਾਰਤੀਆਂ ਦੇ ਸਾਂਝੇ ਯਤਨਾਂ ਨਾਲ ਅਮਰੀਕਾ ਵਿਚ ਗ਼ਦਰ ਲਹਿਰ ਦੀ ਸਥਾਪਨਾ ਹੋਈ।

*"21 ਅਪ੍ਰੈਲ, 1913 ਨੂੰ ਅਸਟੋਰੀਆ ਦੀ ਇਕ ਆਰਾ ਮਿੱਲ ਵਿਚ ਭਾਈ ਕੇਸਰ ਸਿੰਘ ਠੱਠਗੜ੍ਹ (ਜ਼ਿਲਾ ਅੰਮ੍ਰਿਤਸਰ) ਦੇ ਡੇਰੇ ਵਿਚ ਇਕੱਠ ਹੋਇਆ। ਬਰਾਈਡਲਵਿਲ, ਪੋਰਟਲੈਂਡ, ਵਾਨਾ, ਸੇਂਟ ਜਾਨ ਅਤੇ ਲਿਨਟਨ ਦੇ ਨੁਮਾਇੰਦੇ ਮੀਟਿੰਗ ਵਿਚ ਹਾਜ਼ਰ ਸਨ। ਇਸ ਮੀਟਿੰਗ ਵਿਚ ਗ਼ਦਰ ਲਹਿਰ ਦਾ ਮੁੱਢ ਬੰਨ੍ਹਿਆ ਗਿਆ ਜਿਸ ਦਾ ਨਾਮ 'ਹਿੰਦੀ ਐਸੋਸ਼ੀਏਸ਼ਨ ਆਫ ਪੈਸੇਫਿਕ ਕੋਸਟ' ਰੱਖਿਆ ਗਿਆ। ਇਸ ਵਿਚ ਗ਼ਦਰ ਪਾਰਟੀ ਦੀ ਕਮੇਟੀ ਦੀ ਚੋਣ ਹੋਈ- ਪ੍ਰਧਾਨ ਭਾਈ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਜਾਇੰਟ ਸਕੱਤਰ ਲਾਲਾ ਠਾਕਰ ਦਾਸ ਧੂਰੀ, ਖਜ਼ਾਨਚੀ ਪੰਡਿਤ ਕਾਸ਼ੀ ਰਾਮ ਮੜੌਲੀ।"* [6]

ਗ਼ਦਰ ਪਾਰਟੀ ਦੇ ਸਿਧਾਂਤਕ ਨਿਯਮਾਂ ਦਾ ਖਰੜਾ ਤਿਆਰ ਕੀਤਾ ਗਿਆ ਜਿਸ ਵਿਚ ਪਾਰਟੀ ਦੇ ਕਾਇਦੇ ਕਾਨੂੰਨ ਸ਼ਾਮਲ ਸਨ। ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿਚ ਪਾਰਟੀ ਦਾ ਦਫ਼ਤਰ ਬਣਾਇਆ ਗਿਆ ਜਿਸ ਦਾ ਨਾਂ 'ਯੁਗਾਂਤਰ ਆਸ਼ਰਮ' ਰੱਖਿਆ ਗਿਆ। ਗ਼ਦਰ ਪਾਰਟੀ ਦੀ ਕਮੇਟੀ ਵਿਚ ਸ਼ਾਮਲ ਵਿਅਕਤੀ ਵੱਖ-ਵੱਖ ਲਿਆਕਤਾਂ ਦੇ ਮਾਲਕ ਸਨ ਜਿਨ੍ਹਾਂ ਨੇ ਆਪਣੀ ਲਿਆਕਤ ਨੂੰ ਅਜ਼ਾਦੀ ਵੱਲ ਤੋਰਿਆ। ਉਹ ਨੇ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ, ਅੰਗਰੇਜ਼ੀ ਸਰਕਾਰ ਤੋਂ ਬੇਖ਼ੋਫ਼ ਹੋ ਕੇ ਕੰਮ ਕਰਦੇ ਸਨ। ਗ਼ਦਰ ਪਾਰਟੀ ਦੇ ਕੰਮਾਂ ਵਿਚਾਰਾਂ ਨੂੰ ਵੱਖ-ਵੱਖ ਥਾਂਵਾਂ ਉਤੇ ਰਹਿੰਦੇ ਹਿੰਦੀਆਂ ਤੱਕ ਪਹੁੰਚਾਉਣ ਲਈ ਅਖ਼ਬਾਰ ਕੱਢਣ ਦਾ ਫੈਸਲਾ ਹੋਇਆ।

*1 ਨਵੰਬਰ, 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਕੱਢਿਆ ਗਿਆ ਇਹ ਅਖ਼ਬਾਰ ਪਹਿਲਾ ਗੁਰਮੁਖੀ ਅਤੇ ਉਰਦੂ ਲਿਪੀ ਵਿਚ ਛਾਪਿਆ ਗਿਆ ਸੀ।* [7]

ਇਸ ਅਖ਼ਬਾਰ ਦੀ ਭਾਸ਼ਾ ਲੋਕ-ਭਾਸ਼ਾ ਸੀ ਗ਼ਦਰ ਅਖ਼ਬਾਰ 'ਭਾਰਤ ਵਿਚ ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ' ਦੇ ਸਿਰਲੇਖ ਹੇਠ ਹਮੇਸ਼ਾ ਇਕ ਲੇਖ ਛਾਪਦਾ ਸੀ। ਇਹ ਲੇਖ ਅੰਕੜਿਆਂ ਦੇ ਹਵਾਲੇ ਨਾਲ ਭਾਰਤ ਵਿੱਚ ਅੰਗਰੇਜ਼ੀ ਰਾਜ ਦੀ ਲੁੱਟ-ਖਸੁੱਟ ਨੂੰ ਬਿਆਨ ਕਰਦਾ ਸੀ। ਇਸ ਤੋਂ ਇਲਾਵਾ ਅਖ਼ਬਾਰ ਵਿਚ ਬਹੁਤ ਜੋਸ਼ੀਲੀਆਂ ਕਵਿਤਾਵਾਂ ਹੁੰਦੀਆਂ ਸਨ ਜੋ ਹਰ ਹਿੰਦੀ ਨੂੰ ਅੰਗਰੇਜ਼ੀ ਰਾਜ ਦੇ ਖ਼ਾਤਮੇ ਲਈ ਉਭਾਰਦੀਆਂ ਸਨ। ਬਾਅਦ ਵਿਚ ਇਹ ਕਵਿਤਾਵਾਂ 'ਗ਼ਦਰ ਦੀ ਗੂੰਜ' ਨਾਮੀ ਕਿਤਾਬਚਿਆਂ 'ਚ ਛਾਪੀਆਂ ਗਈਆਂ, ਜੋ ਕੌਮੀ ਗੀਤਾਂ ਦਾ ਰੁਤਬਾ ਹਾਸਲ ਕਰ ਗਈਆਂ। ਇਨ੍ਹਾਂ ਕਵਿਤਾਵਾਂ ਨੇ ਭਾਰਤੀਆਂ ਦੀ ਰੂਹ ਨੂੰ ਹਿਲਾ ਕੇ ਰੱਖ ਦਿੱਤਾ ਉਹ ਇਨ੍ਹਾਂ ਕਵਿਤਾਵਾਂ ਦਾ ਅਸਰ ਵਿਵਹਾਰ ਵਿਚ ਮਹਿਸੂਸ ਕਰਨ ਲੱਗੇ। ਇਹ ਕਵਿਤਾਵਾਂ ਦੁਨੀਆਂ ਦੇ ਵੱਖੋ-ਵੱਖ ਹਿੱਸਿਆਂ ਤੋਂ ਹਿੰਦੀ ਦੇਸ਼ਭਗਤ ਭੇਜਦੇ ਸਨ। ਅਖ਼ਬਾਰ ਅਮਰੀਕਾ ਦੇ ਪੱਛਮੀ ਕੰਢੇ ਦੀਆਂ ਰਿਆਸਤਾਂ, ਕੈਨੇਡਾ, ਫਿਲਪਾਈਨ, ਫਿਜੀ, ਜਾਪਾਨ ਟੇਂਟਸਨ, ਸ਼ੰਘਾਈ, ਹੰਕਾਉ, ਅਫਰੀਕਾ ਦੇ ਸਭ ਹਿੰਦੀ ਰਾਜਸੀ ਤੇ ਸਮਾਜੀ ਅੱਡਿਆਂ ਤੇ ਪ੍ਰਸਿੱਧ ਬੰਦਿਆਂ ਦੇ ਪਤਿਆਂ ਉਤੇ ਭੇਜਿਆ ਜਾਣ ਲੱਗਾ। ਫੇਰ ਤਾਂ ਜਿਥੇ ਵੀ ਹਿੰਦੀ ਰਹਿੰਦੇ ਜਾਂ ਕੰਮ ਕਰਦੇ ਸਨ, ਉਹਨਾਂ ਦੇ ਪਤੇ ਲੈ ਕੇ ਅਖ਼ਬਾਰ ਡਾਕ ਰਾਹੀਂ ਜਾਣ ਲੱਗ ਪਿਆ।

ਗ਼ਦਰ ਪਾਰਟੀ ਦੇ ਦਫ਼ਤਰ ਵਿਚ ਕੰਮ ਕਰਨ ਵਾਲੇ ਵਿਅਕਤੀ ਮਹਿਜ਼ ਰੋਟੀ ਦੇ ਮਿਹਨਤਾਨੇ 'ਤੇ ਹੀ ਕੰਮ ਕਰਦੇ ਸਨ। ਉਨ੍ਹਾਂ ਦੀ ਇਹ ਸਮਰਪਣ ਦੀ ਭਾਵਨਾ ਹੀ ਅਜ਼ਾਦੀ ਦਾ ਰਸਤਾ ਸਾਫ਼ ਕਰ ਰਹੀ ਸੀ। ਇਸ ਸਮੇਂ ਅਮਰੀਕਾ ਵਿਚ ਤਿੰਨ ਰਾਜਸੀ ਕੇਂਦਰ ਕਾਇਮ ਹੋ ਚੁੱਕੇ ਸਨ। ਇਕ, ਬਾਬਾ ਜੁਆਲਾ ਸਿੰਘ ਦਾ ਫਾਰਮ ਸੀ, ਜਿਸ ਦੇ ਭਾਈਵਾਲ ਬਾਬਾ ਵਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਸਨ। ਇਨ੍ਹਾਂ ਤਿੰਨਾਂ ਨੇ ਹੀ ਆਪਣੀਆਂ ਸੇਵਾਵਾਂ ਮੁਲਕ ਨੂੰ ਅਰਪਣ ਕਰ ਦਿਤੀਆਂ ਸਨ। ਇਥੇ ਕਾਫ਼ੀ ਮਜ਼ਦੂਰ ਕੰਮ ਕਰਦੇ ਸਨ ਇਹ ਮਜ਼ਦੂਰ ਛੁੱਟੀ ਵਾਲੇ ਦਿਨ ਫਾਰਮ 'ਤੇ ਇਕੱਠੇ ਹੋ ਕੇ ਮੁਲਕ ਦੀ ਹਾਲਤ ਬਾਰੇ ਵਿਚਾਰਾਂ ਕਰਦੇ ਸਨ। ਦੂਸਰਾ, ਸਟਾਕਟਨ ਦਾ ਗੁਰਦੁਆਰਾ ਪੰਜਾਬੀਆਂ ਦੀ ਇਕੱਤਰਤਾ ਦਾ ਰਾਜਸੀ ਕੇਂਦਰ ਸੀ, ਜਿਥੇ ਗੁਰਬਾਣੀ ਦੇ ਨਾਲ ਨਾਲ ਮੁਲਕ ਦੀ ਗੁਲਾਮੀ ਬਾਰੇ ਵੀ ਵਿਚਾਰਾਂ ਹੁੰਦੀਆਂ ਸਨ। ਤੀਜਾ, ਬਰਕਲੇ ਹੋਸਟਲ ਹਿੰਦੋਸਤਾਨੀ ਵਿਦਿਆਰਥੀਆਂ ਨੂੰ ਸਿਆਸੀ ਸੂਝ ਦੇਣ ਦਾ ਕੇਂਦਰ ਸੀ, ਜਿਸ ਦੀ ਅਗਵਾਈ ਲਾਲਾ ਹਰਦਿਆਲ ਦੇ ਹੱਥ ਸੀ। ਗ਼ਦਰ ਪਾਰਟੀ ਦੇ ਸਿਧਾਂਤਾਂ ਵਿਚ ਗੁਲਾਮੀ ਨੂੰ ਸਭ ਤੋਂ ਵੱਡਾ ਗੁਨਾਹ ਸਮਝਿਆ ਜਾਂਦਾ ਸੀ ਇਸਤੋਂ ਇਲਾਵਾ ਪਾਰਟੀ ਗ਼ੁਲਾਮ ਬਣਾ ਕੇ ਰੱਖਣ ਵਾਲੇ ਅਤੇ ਗੁਲਾਮੀ ਪਰਵਾਨ ਕਰਨ ਵਾਲਿਆਂ ਨੂੰ ਇਨਸਾਨੀਅਤ ਦੇ ਸਭ ਤੋਂ ਵੱਡੇ ਦੁਸ਼ਮਣ ਸਮਝਦੀ ਸੀ।

ਗ਼ਦਰ ਪਾਰਟੀ ਹਥਿਆਰਬੰਦ ਇਨਕਲਾਬ ਦੀ ਹਾਮੀ ਸੀ ਗ਼ਦਰੀ ਇਹ ਗੱਲ ਭਲੀਭਾਂਤ ਜਾਣਦੇ ਸਨ ਕਿ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕਰਨ ਲਈ ਹਥਿਆਰਾਂ ਨਾਲ ਜੰਗ ਕਰਨੀ ਪਵੇਗੀ। ਇਸ ਜੰਗ ਲਈ ਉਨ੍ਹਾਂ ਨੇ ਤਿਆਰੀਆਂ ਅਮਰੀਕਾ ਵਿਚ ਸ਼ੁਰੂ ਕਰ ਦਿੱਤੀਆਂ ਸਨ।

*'ਗ਼ਦਰ ਪਾਰਟੀ ਨੇ ਹਥਿਆਰਬੰਦ ਇਨਕਲਾਬ ਦੀ ਤਿਆਰੀ ਲਈ ਤਿੰਨ ਵਿਅਕਤੀਆਂ ਦਾ ਕਮਿਸ਼ਨ ਬਣਾਇਆ। ਇਹ ਕਮਿਸ਼ਨ ਪਾਰਟੀ ਦੇ ਸਾਰੇ ਗੁਪਤ ਕੰਮਾਂ ਅਤੇ ਅੰਗਰੇਜ਼ਾਂ ਦੀਆਂ ਦੁਸ਼ਮਣ ਤਾਕਤਾਂ ਨਾਲ ਸੰਬੰਧ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਸੀ। ਗ਼ਦਰ ਪਾਰਟੀ ਨੇ ਫ਼ੌਜੀ ਸਿਖਲਾਈ ਲਈ ਨੌਜਵਾਨਾਂ ਦੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਲੜਾਈਆਂ ਵਿਚ ਮੁਹਾਰਤ ਹਾਸਲ ਕਰਨ ਲਈ ਤਿਆਰ ਕੀਤਾ ਗਿਆ। ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਉਡਾਉਣ ਲਈ ਅਤੇ ਅਸਮਾਨੀ ਲੜਾਈ ਦੇ ਗੁਰ ਸਿੱਖਣ ਲਈ ਪੂਰਬੀ ਅਮਰੀਕਾ ਦੀ ਇਕ ਜਰਮਨ ਕੰਪਨੀ ਵਿਚ ਭੇਜਿਆ ਗਿਆ। ਊਧਮ ਸਿੰਘ ਕਸੇਲ, ਜੋ ਹਾਂਗਕਾਂਗ ਦੇ ਤੋਪਖਾਨੇ ਵਿਚ ਵਧੀਆ ਨਿਸ਼ਾਨਚੀ ਸਨ ਉਨ੍ਹਾਂ ਨੂੰ ਨੌਜਵਾਨਾਂ ਨੂੰ ਬੰਦੂਕ ਤੇ ਪਿਸਤੌਲ ਦੀ ਨਿਸ਼ਾਨੇਬਾਜ਼ੀ ਸਿਖਾਉਣ ਲਈ ਰੱਖਿਆ ਗਿਆ।'* [8]

ਉਨ੍ਹਾਂ ਨੇ ਹਥਿਆਰਬੰਦ ਘੋਲ ਲਈ ਹਥਿਆਰਾਂ ਦੀ ਸਿਖਲਾਈ ਤੋਂ ਲੈ ਕੇ ਬੰਬ ਬਣਾਉਣ ਦੀਆਂ ਤਿਆਰੀਆਂ ਦਾ ਆਰੰਭ ਅਮਰੀਕਾ ਵਿਚ ਰਹਿੰਦਿਆਂ ਕਰ ਦਿੱਤਾ ਸੀ। ਉਹ ਅੰਗਰੇਜ਼ਾਂ ਦੀਆਂ ਹਥਿਆਰਬੰਦ ਫ਼ੌਜਾਂ ਨਾਲ ਲੜਨ ਲਈ 'ਜੰਗੀ ਫ਼ੌਜ' ਤਿਆਰ ਕਰ ਰਹੇ ਸਨ। ਇਸ ਤੋਂ ਇਲਾਵਾ ਅਮਰੀਕਾ ਅਤੇ ਕੈਨੇਡਾ ਵਿਚ ਅੰਗਰੇਜ਼ਾਂ ਤੋਂ ਬਿਨਾਂ ਵਸਦੀਆਂ ਹੋਰ ਕੌਮਾਂ ਵਿਚੋਂ ਕਈਆਂ ਦੀ ਹਮਦਰਦੀ ਭਾਰਤੀਆਂ ਨਾਲ ਸੀ।

*"ਅੰਗਰੇਜ਼ਾਂ ਵਿਚੋਂ ਵੀ "ਇੰਟਰਨੈਸ਼ਨਲ ਵਰਕਰਜ਼ ਔਫ ਦ ਵਰਲਡ" (I.W.W.) ਨਾਲ ਸੰਬੰਧਤ ਵਿਅਕਤੀਆਂ ਅਤੇ ਸੋਸ਼ਲਿਸਟ ਖਿਆਲਾਂ ਦੇ ਲੋਕਾਂ ਦੀਆਂ ਹਮਦਰਦੀਆਂ ਵੀ ਭਾਰਤੀਆਂ ਨਾਲ ਸੀ।"* [9]

ਅਮਰੀਕਾ ਵਿਚ ਹੋਰ ਵੀ ਬਹੁਤ ਸਾਰੇ ਮੁਲਕਾਂ ਨੂੰ ਅੰਗਰੇਜ਼ੀ ਸਾਮਰਾਜ ਤੋਂ ਅਜ਼ਾਦ ਕਰਾਉਣ ਲਈ ਸੰਗਠਨ ਕਾਇਮ ਸਨ ਇਨ੍ਹਾਂ ਸੰਗਠਨਾਂ ਤੋਂ ਵੀ ਗ਼ਦਰ ਲਹਿਰ ਨੂੰ ਸਹਿਯੋਗ ਪ੍ਰਾਪਤ ਹੋਇਆ। ਉਨ੍ਹਾਂ ਨੇ ਵਿਸ਼ਵਭਰ ਦੇ ਅਜ਼ਾਦ ਮੁਲਕਾਂ ਦੇ ਇਤਿਹਾਸ ਬਾਰੇ ਜਾਨਣਾ ਸ਼ੁਰੂ ਕੀਤਾ ਜਿਸ ਨੇ ਉਨ੍ਹਾਂ ਵਿਚ ਜ਼ਿੰਦਗੀ ਨੂੰ ਦੇਸ਼ ਦੇ ਨਾਮ ਕਰਨ ਦਾ ਵਿਚਾਰ ਪੈਦਾ ਕੀਤਾ। ਉਨ੍ਹਾਂ ਨੇ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਵੱਖ-ਵੱਖ ਮੁਲਕਾਂ ਵਿਚ ਸਥਾਪਿਤ ਕੀਤੀਆਂ ਜਿਥੇ ਵੀ ਭਾਰਤੀ ਕੰਮ ਕਰਦੇ ਸਨ। ਇਨ੍ਹਾਂ ਮੁਲਕਾਂ ਵਿਚ ਵੀ ਉਸੇ ਤਰ੍ਹਾਂ ਦੀ ਨਿਸ਼ਕਾਮ ਭਾਵਨਾ ਦੇ ਨਾਲ ਹੀ ਕਾਰਜ ਕੀਤਾ ਜਾਂਦਾ ਸੀ।

ਗ਼ਦਰੀ ਭਾਰਤ ਵਿਚ ਫਿਰਕੂ ਹਿਤਾਂ ਤੋਂ ਰਹਿਤ, ਧਰਮ ਤੋਂ ਨਿਰਲੇਪ, ਜਾਤ-ਪਾਤ ਤੋਂ ਮੁਕਤ, ਆਰਥਿਕ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨ ਦੇ ਚਾਹਵਾਨ ਸਨ। ਅਜਿਹੇ ਸਮਾਜ ਦੀ ਸਿਰਜਣਾ ਲਈ ਅੰਗਰੇਜ਼ੀ ਹਕੂਮਤ ਨੂੰ ਭਾਰਤ ਵਿਚੋਂ ਕੱਢਣਾ ਬਹੁਤ ਜ਼ਰੂਰੀ ਸੀ। ਗ਼ਦਰੀਆਂ ਨੇ ਭਾਰਤ ਨੂੰ ਅਜ਼ਾਦ ਕਰਾਉਣ ਅਤੇ ਲੋਕਾਂ ਦਾ ਰਾਜ ਸਥਾਪਿਤ ਕਰਨ ਲਈ ਅਮਰੀਕਾ ਦੀ ਧਰਤੀ ਉਤੇ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਗ਼ਦਰੀਆਂ ਨੇ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਅਤੇ ਪੱਕੇ ਤੌਰ 'ਤੇ ਆਸ਼ਰਮ ਵਿਚ ਕੰਮ ਕਰਨ ਲੱਗ ਪਏ। ਹਰਨਾਮ ਸਿੰਘ ਬਿਆਨ ਕਰਦਾ ਹੈ ਕਿ,

> *"ਪਾਰਟੀ ਵਿਚ ਲੋਕਰਾਜੀ ਪ੍ਰਬੰਧ ਹੋਣ ਦੇ ਬਾਵਜੂਦ 'ਗ਼ਦਰ ਅਖ਼ਬਾਰ ਦੀ ਨੀਤੀ ਬਾਰੇ ਪੂਰੀ ਜ਼ੁੰਮੇਵਾਰੀ ਸਿਰਫ਼ ਹਰ ਦਿਆਲ ਤੇ ਹੀ ਛੱਡੀ ਗਈ ਸੀ।' ਉਹ ਉਥੇ ਸਾਰਿਆਂ ਦੇ ਨਾਲ ਹੀ ਰਹਿੰਦਾ, ਕੰਮ ਕਰਦਾ, ਖਾਂਦਾ-ਪੀਂਦਾ ਅਤੇ ਸੌਂਦਾ ਸੀ। ਇਸ ਤਰ੍ਹਾਂ ਉਹ ਦੂਸਰਿਆਂ ਦੇ ਅਪਨਾਉਣ ਲਈ ਸਾਦਾ ਰਹਿਣੀ-ਬਹਿਣੀ ਅਤੇ ਉੱਚ-ਕੋਟੀ ਦੇ ਚਰਿੱਤਰ ਦੀ ਨਿੱਜੀ ਮਿਸਾਲ ਪੇਸ਼ ਕਰਦਾ ਸੀ।...ਇਸ ਪਾਰਟੀ ਨੇ ਲੋਕਰਾਜੀ ਢੰਗ ਨਾਲ ਕੰਮ ਕਰਨਾ ਸੀ ਅਤੇ ਧਰਮ ਦੇ ਮਸਲਿਆਂ ਨੂੰ ਬਾਹਰ ਰੱਖਿਆ ਹੋਇਆ ਸੀ।"*[10]

ਬਾਹਰਲੇ ਮੁਲਕਾਂ ਵਿਚ ਪਰਵਾਸੀ ਭਾਰਤੀਆਂ ਵਿਚ ਵੱਖ-ਵੱਖ ਧਰਮਾਂ, ਜਾਤਾਂ, ਫਿਰਕਿਆਂ ਦੇ ਲੋਕ ਸ਼ਾਮਲ ਸਨ। ਉਹ ਆਪਸੀ ਮਤਭੇਦਾਂ ਨੂੰ ਖਤਮ ਕਰਕੇ ਦੇਸ਼ ਨੂੰ ਅਜ਼ਾਦ ਕਰਾਉਣ ਦੇ ਮਕਸਦ ਨੂੰ ਪੂਰਾ ਕਰਨਾ ਚਾਹੁੰਦੇ ਸਨ। ਉਹ ਭਾਰਤ ਨੂੰ ਅਜਿਹਾ ਮੁਲਕ ਬਣਾਉਣਾ ਚਾਹੁੰਦੇ ਸਨ ਜਿਥੇ ਊਚ-ਨੀਚ ਦੀ ਥਾਂ ਨਾ ਹੋਵੇ। ਉਨ੍ਹਾਂ ਨੇ ਜਿਹੜੇ ਸੁਪਨੇ ਬਾਹਰਲੇ ਮੁਲਕ ਦੀ ਧਰਤੀ 'ਤੇ ਆ ਕੇ ਵੇਖੇ ਸਨ ਉਹ ਗ਼ਦਰ ਲਹਿਰ ਦੇ ਆਸ਼ਿਆਂ ਵਿਚ ਸਮਾ ਗਏ ਸਨ। *ਅਪ੍ਰੈਲ, 1914*[11] ਵਿਚ ਗੁਰਦਿੱਤ ਸਿੰਘ ਵਲੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਕੈਨੇਡਾ ਲਿਆਉਣ ਦਾ ਉਦਮ ਕੀਤਾ ਗਿਆ ਤਾਂ ਗ਼ਦਰ ਪਾਰਟੀ ਨੇ ਇਸ ਜਹਾਜ਼ ਦੀ ਮੁਹਿੰਮ ਨੂੰ ਅੰਗਰੇਜ਼ੀ ਸਾਮਰਾਜ ਦੀ ਕੈਨੇਡੀਅਨ ਹਕੂਮਤ ਦੇ ਵਿਰੁੱਧ ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਚਿੰਨ੍ਹ ਸਮਝਿਆ। ਪਾਰਟੀ ਨੇ ਗ਼ਦਰ ਅਖ਼ਬਾਰ ਤੇ ਪੈਮਫੈਲਟਾਂ ਵਿਚ ਇਸ ਦੀ ਹਮਾਇਤ ਕੀਤੀ ਤੇ ਪੂਰਬੀ ਏਸ਼ੀਆ ਦੇ ਸਮੁੰਦਰੀ ਘਾਟਾਂ ਤੇ ਕੈਨੇਡਾ ਵਿਚ ਵਸ ਰਹੇ ਹਿੰਦੀਆਂ ਨੂੰ ਇਸ ਦੀ ਮਦਦ ਕਰਨ ਵਾਸਤੇ ਕਿਹਾ ਗਿਆ। ਅੰਗਰੇਜ਼ੀ ਸਰਕਾਰ ਨੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ ਵਿਚ ਉਤਰਨ ਨਾ ਦਿੱਤਾ ਗਿਆ, ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਦੀਆਂ ਵਧੀਕੀਆਂ ਦਾ ਬਹੁਤ ਬਹਾਦਰੀ ਨਾਲ ਡਟ ਕੇ ਮੁਕਾਬਲਾ ਕੀਤਾ। ਇਸ ਦੇ ਮੱਦੇਨਜ਼ਰ

> *"21 ਜੁਲਾਈ, 1914 ਨੂੰ ਭਾਈ ਸੋਹਣ ਸਿੰਘ ਭਕਨਾ ਅਮਰੀਕਾ ਤੋਂ ਚਲ ਪਏ ਉਨ੍ਹਾਂ ਨੇ ਮੁਸਾਫਰਾਂ ਨੂੰ ਦੇਣ ਲਈ ਦੋ ਪੇਟੀਆਂ ਪਿਸਤੌਲਾਂ ਦੀਆਂ ਨਾਲ ਰੱਖ ਲਈਆਂ ਤੇ ਯੋਕੋਹਾਮਾ ਪਹੁੰਚ ਗਏ। 16 ਅਗਸਤ, 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਵੀ ਉਥੇ ਪਹੁੰਚ ਗਿਆ।ਬਾਬਾ ਸੋਹਣ ਸਿੰਘ ਭਕਨਾ ਜਾਪਾਨੀ ਪਾਰਟੀ ਮੈਂਬਰਾਂ ਦੀ ਸਹਾਇਤਾ ਨਾਲ ਕਾਮਾਗਾਟਾ ਮਾਰੂ ਜਹਾਜ਼ ਉਤੇ ਜਾਕੇ ਭਾਈ ਗੁਰਦਿੱਤ ਸਿੰਘ ਨੂੰ ਮਿਲੇ। ਉਹਨਾਂ ਨੇ ਜਹਾਜ਼ ਕਮੇਟੀ ਦੇ ਮੈਂਬਰਾਂ ਨੂੰ ਅਗਲੇ ਪ੍ਰੋਗਰਾਮ ਬਾਰੇ ਦੱਸ ਕੇ ਸਹਿਮਤ ਕੀਤਾ ਅਤੇ ਹਥਿਆਰਾਂ ਨੂੰ ਉਨ੍ਹਾਂ ਦੇ ਸਪੁਰਦ ਕਰ ਦਿੱਤਾ।"* [12]

ਅੰਗਰੇਜ਼ੀ ਸਰਕਾਰ ਦੀ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਪ੍ਰਤੀ ਅਪਣਾਏ ਗਏ ਰਵੱਈਏ ਨੇ ਭਾਰਤੀਆਂ ਵਿਚ ਜ਼ੁਲਮ ਦੀ ਹਾਹਾਕਾਰ ਮਚਾ ਦਿੱਤੀ ਸੀ ਅਤੇ ਇਨ੍ਹਾਂ ਵਿਚੋਂ ਕੁਝ ਮਸਾਫ਼ਰ ਬਾਅਦ ਵਿਚ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਅਤੇ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਪ੍ਰਚਾਰ ਵਿਚ ਯੋਗਦਾਨ ਪਾਇਆ ਅਤੇ ਦੇਸ਼ ਦੀ ਅਜ਼ਾਦੀ ਲਈ ਲੜੇ। ਗ਼ਦਰ ਅਖ਼ਬਾਰ ਨੇ ਇਨ੍ਹਾਂ ਮੁਸਾਫ਼ਰਾਂ ਦੀ ਕਹਾਣੀ ਨੂੰ ਬਿਆਨ ਕੀਤਾ ਅਤੇ ਕੈਨੇਡੀਅਨ ਸਰਕਾਰ ਦੀ ਬੇਰੁਖੀ ਦਾ ਪਰਦਾਫਾਸ਼ ਕੀਤਾ।

ਅਖ਼ਬਾਰ ਛਾਪਣ ਤੋਂ ਇਲਾਵਾ ਯੁਗੰਤਰ ਆਸ਼ਰਮ ਨੇ ਕਈਆਂ ਘਟਨਾਵਾਂ ਤੇ ਮਸਲਿਆਂ ਉਤੇ ਖਾਸ ਕਿਤਾਬੜੀਆਂ ਛਾਪੀਆਂ। ਸਭ ਤੋਂ ਪਹਿਲਾਂ 'ਫਰੰਗੀ ਦਾ ਫਰੇਬ' ਉਰਦੂ, ਗੁਰਮੁਖੀ ਵਿਚ ਛਾਪਿਆ। 'ਅੰਗਾਂ ਦੀ ਗਵਾਹੀ-ਅੰਗਰੇਜ਼ੀ ਰਾਜ ਵਿਚ ਪ੍ਰਜਾ ਦੇ ਦੁੱਖਾਂ ਦੀ ਕਹਾਣੀ' ਛਾਪਿਆ ਗਿਆ ਜਿਸ ਵਿਚ ਅੰਗਰੇਜ਼ਾਂ ਦੁਆਰਾ ਲਗਾਏ ਗਏ ਟੈਕਸ ਅਤੇ ਕੁਦਰਤੀ ਸਾਧਨਾ ਤੋਂ ਹੋਣ ਵਾਲੀ ਆਮਦਨ ਦਾ ਵੇਰਵਾ ਦਿੱਤਾ ਗਿਆ। ਫੇਰ ਲਾਰਡ ਹਾਰਡਿੰਗ ਉਤੇ ਬੰਬ ਸੁੱਟਣ ਵਾਲਿਆਂ ਨੂੰ ਸ਼ਾਬਾਸ਼ ਦੇਣ ਲਈ ਬੰਬ ਦੀ ਫਿਲਾਸਫੀ ਉਤੇ 'ਸ਼ਾਬਾਸ਼' ਨਾਂ ਦੀ ਕਿਤਾਬੜੀ ਛਾਪੀ ਗਈ। ਰੂਸ, ਆਇਰਲੈਂਡ, ਮੈਕਸੀਕੋ ਤੇ ਹੋਰਨਾਂ ਦੇਸ਼ਾਂ ਵਿਚ ਹੋ ਚੁੱਕੀਆਂ ਬੰਬਾਂ ਤੇ ਪਿਸਤੌਲਾਂ ਦੀਆਂ ਘਟਨਾਵਾਂ ਪੇਸ਼ ਕਰਕੇ ਬੰਬ ਵਰਤਣ ਨੂੰ ਅਜ਼ਾਦੀ ਲੈਣ ਲਈ ਲੜਨ ਦਾ ਸਹੀ ਰਾਹ ਦਸਿਆ ਗਿਆ ਸੀ। ਇਸ ਤੋਂ ਇਲਾਵਾ ਗ਼ਦਰ ਅਖ਼ਬਾਰ ਵਿਚੋਂ ਹਿੰਦੀਆਂ ਵਿਚ ਅੰਗਰੇਜ਼ੀ ਰਾਜ ਵਿਰੁੱਧ ਜੋਸ਼ ਤੇ ਗੁੱਸਾ ਪੈਦਾ ਕਰਨ ਤੇ ਉਹਨਾਂ ਦੀ ਕੌਮੀ ਅਣਖ ਜਗਾਉਣ ਵਾਲੀਆਂ ਕਵਿਤਾਵਾਂ ਇਕੱਠੀਆਂ ਕਰਕੇ 'ਗ਼ਦਰ ਦੀ ਗੂੰਜ' ਨਾਂ ਹੇਠ ਛਪਵਾਈਆਂ ਗਈਆਂ। ਇਹ ਗੂੰਜਾਂ ਬਹੁਤ ਹੀ ਪ੍ਰਸਿੱਧ ਹੋਈਆਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਵੰਡੀਆਂ ਗਈਆਂ।

*ਹਿੰਦ ਦੇ ਬਹਾਦਰੋ ਕਿਓਂ ਬੈਠੇ ਚੁਪ ਜੀ, ਅੱਗ ਲਗੀ ਦੇਸ਼ ਨਾ ਸਹਾਰੋ ਧੁਪ ਜੀ।*
*ਬੁਝਣੀ ਏਹ ਤਾਂਹੀ ਹੈ ਸਰੀਰ ਤੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।*

*ਸਿਰ ਦਿੱਤੇ ਬਾਹਝ ਨਹੀਂ ਕੰਮ ਸਰਨਾ, ਯੁਧ ਵਿਚ ਪਵੇਗਾ ਜ਼ਰੂਰ ਮਰਨਾ।*
*ਪੱਵੋ ਲੱਲਕਾਰ ਸ਼ੇਰਾਂ ਵਾਂਗ ਗੱਜ ਕੇ, ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।* [13]

ਉਪਰੋਕਤ ਤੁਕਾਂ ਜ਼ੁਲਮ ਨਾ ਸਹਾਰ ਕੇ ਉਸਦੇ ਖਿਲਾਫ਼ ਜੰਗ/ਯੁੱਧ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਭਾਰਤੀਆਂ ਦੁਆਰਾ ਮੌਤ ਦੀ ਪਰਵਾਹ ਕੀਤਿਆਂ ਬਿਨਾਂ ਹੀ ਮੁਲਕ ਨੂੰ ਅਜ਼ਾਦ ਕਰਵਾਇਆ ਜਾ ਸਕਦਾ ਹੈ। ਅੰਗਰੇਜ਼ਾਂ ਦੁਆਰਾ ਲਗਾਏ ਗਏ ਟੈਕਸ ਭਾਰਤੀਆਂ ਨੂੰ ਘੁਣ ਵਾਂਗ ਖੋਖਲਾ ਕਰ ਰਹੇ ਸਨ, ਲੋਕ ਅਨਾਜ ਪੈਦਾ ਕਰਦੇ ਸਨ, ਪਰ ਖਾਣ ਲਈ ਅੰਨ ਨਸੀਬ ਨਹੀਂ ਹੁੰਦਾ ਸੀ।

*ਕਣਕ ਬੀਜ ਦੇ ਖਾਣ ਨੂੰ ਜੋ ਮਿਲਦੇ, ਪੈਸਾ ਛੱਡਦੇ ਨਹੀਂ ਲਗਾਨ ਵਾਲੇ।*
*ਲਾਯਾ ਟੈਕਸ ਫਰੰਗੀਆਂ ਬੁਹੱਤ ਯਾਰੋ, ਭੁਖੇ ਮਰਨ ਗਰੀਬ ਦੁਕਾਨ ਵਾਲੇ।*
*ਦੇਸ਼ ਅਪਨੇ ਵਿਚ ਕਿਉਂ ਚੁਪ ਬੈਠੇ, ਸੁਣੋ ਹੋਰ ਦੇਸ਼ੀਂ ਰੌਲਾ ਪਾਣ ਵਾਲੇ।*
*ਰੌਲਾ ਬਾਹਰ ਦਾ ਕਿਸੇ ਨਾ ਕੰਮ ਸਾਡੇ, ਕਰੋ ਧਿਯਾਨ ਹੁਣ ਦੇਸ਼ ਨੂੰ ਜਾਨ ਵਾਲੇ।*[14]

ਗ਼ਦਰੀ ਸਾਹਿਤ ਇਕ ਵਿਸ਼ੇਸ਼ ਪੜਾਅ ਦੀ ਉਪਜ ਹੈ ਇਹ ਪੈਦਾਵਾਰ ਪ੍ਰਸਥਿਤੀਆਂ ਦੇ ਪ੍ਰਭਾਵ, ਕਾਰਨਾਂ ਨੂੰ ਵੱਖਰੇ ਅੰਦਾਜ਼, ਵੱਖਰੇ ਵਿਸ਼ਿਆਂ ਨਾਲ ਲਿਪਤ ਹੋ ਕੇ ਵਿਲੱਖਣ ਪਛਾਣ ਬਣਾਉਂਦਾ ਹੈ। ਇਹ ਸਾਹਿਤ ਸਥਾਪਿਤ ਕਦਰਾਂ-ਕੀਮਤਾਂ ਤੋਂ ਉੱਪਰ ਉੱਠ ਕੇ ਲੁਕਾਈ ਨੂੰ ਨਵੇਂ ਸਮਾਜ ਸਿਰਜਣ ਅਤੇ ਉਨ੍ਹਾਂ ਹਾਲਤਾਂ ਦਾ ਟਾਕਰਾ ਕਰਕੇ ਨਵੇਂ ਬੀਜ ਬੀਜਣ ਵੱਲ ਸੇਧਿਤ ਕਰਦਾ ਹੈ। ਗ਼ਦਰੀ ਸਾਹਿਤ ਧਰਮਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ, ਸੁਚਾਰੂ ਸਮਾਜ ਦੀ ਸਿਰਜਣਾ, ਅਗਾਂਹਵਧੂ ਰੁਚੀਆਂ ਦਾ ਧਾਰਨੀ, ਜ਼ੁਲਮ ਦਾ ਖਾਤਮਾ ਆਦਿ ਵਿਸ਼ਿਆਂ ਉੱਤੇ ਅਧਾਰਿਤ ਹੈ। ਇਹ ਵਿਸ਼ੇ ਮਹਿਜ਼ ਵਿਸ਼ੇ ਦਾ ਰੂਪ ਨਹੀਂ ਹਨ, ਸਗੋਂ ਇਹਨਾਂ ਵਿਸ਼ਿਆਂ ਵਿਚ ਭਾਰਤ ਦੇ ਲੋਕਾਂ ਨੂੰ ਗ਼ੁਲਾਮ ਬਣਾਏ ਜਾਣ ਵਾਲੇ ਯੰਤਰਾਂ ਤੋਂ ਸੁਚੇਤ ਰੂਪ ਵਿਚ ਜਾਣੂ ਕਰਵਾਉਣਾ ਅਤੇ ਜਾਣੂ ਕਰਵਾ ਕੇ ਉਨ੍ਹਾਂ ਨੂੰ ਗ਼ੁਲਾਮੀ ਤੋਂ ਮੁਕਤ ਰਾਹ ਵੱਲ ਪ੍ਰੇਰਨਾ, ਉਨ੍ਹਾਂ ਦੀ ਮੁੱਖ ਧਾਰਾ ਦਾ ਹਿੱਸਾ ਰਹੇ ਹਨ। ਗ਼ਦਰ ਅਖਬਾਰ ਗ਼ਦਰੀ ਸਾਹਿਤ ਦਾ ਪ੍ਰਮੁੱਖ ਸੋਮਾ ਹੈ ਭਗਤ ਸਿੰਘ ਬਿਲਗਾ ਗ਼ਦਰ ਅਖ਼ਬਾਰ ਬਾਰੇ ਲਿਖਦੇ ਹਨ-

*"ਗ਼ਦਰ ਅਖ਼ਬਾਰ ਭਾਰਤੀਆਂ ਵਿਚ ਜਲਦੀ ਹੀ ਮਕਬੂਲ ਹੋ ਗਿਆ। ਇਸ ਦੀ ਮੰਗ ਵਧ ਗਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਪਾਸ ਉਪੜਨ ਲੱਗ ਪਿਆ ਸੀ। ਟੋਲਿਆਂ ਵਿਚ ਇਕੱਠੇ ਹੋ ਕੇ ਲੋਕ ਇਸ ਨੂੰ ਪੜ੍ਹਦੇ ਸਨ। ਕਈ ਵਾਰ ਜਲਸਿਆਂ ਵਿਚ ਗ਼ਦਰ ਵਿਚੋਂ ਮਜ਼ਮੂਨ ਪੜ੍ਹ ਕੇ ਸੁਣਾਏ ਜਾਂਦੇ ਸਨ। ਬੰਗਾਲੀ, ਗੁਜਰਾਤੀ, ਪਸ਼ਤੋ ਅਤੇ ਹਿੰਦੀ ਵਿਚ ਵੀ ਕਦੇ ਕਦਾਈਂ ਇਸ ਦੀਆਂ ਐਡੀਸ਼ਨਾਂ ਕੱਢੀਆਂ ਜਾਂਦੀਆਂ ਸਨ। ਭਾਵੇਂ ਇਹ ਅਖ਼ਬਾਰ ਸਭ ਨੂੰ ਮੁਫਤ ਭੇਜਿਆ ਜਾਂਦਾ ਸੀ, ਫੇਰ ਵੀ ਫੰਡ ਦੀ ਕਦੇ ਕਮੀ ਨਹੀਂ ਆਈ ਸੀ। ਸਾਰੀ ਦੁਨੀਆਂ ਵਿਚੋਂ ਮਨੀਆਰਡਰ ਆਉਂਦੇ ਰਹਿੰਦੇ ਸਨ।"* [15]

ਗ਼ਦਰ ਲਹਿਰ ਨੇ ਉਨ੍ਹਾਂ ਦੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸਾਰੀ ਦੁਨੀਆ ਦੇ ਗ਼ੁਲਾਮ ਲੋਕਾਂ ਦਾ ਸੰਘਰਸ਼ ਬਣਾ ਦਿੱਤਾ। ਗ਼ਦਰ ਅਖ਼ਬਾਰ ਵਿਚ ਛਪਣ ਵਾਲੇ ਲੇਖਾਂ ਦੇ ਸਿਰਲੇਖ ਅਜਿਹੀ ਨਿਸ਼ਾਨਦੇਹੀ ਕਰਦੇ ਹਨ-ਹਾਏ ਸਾਡੀ ਦਿਸ਼ਾ, ਰੂਸੀ ਸ਼ਹੀਦਾਂ ਦੇ ਕਾਰਨਾਮੇ, ਆਇਰਸ਼ ਲੋਕਾਂ ਦੀ ਤਿਆਰੀ, ਚੀਨ ਵਿਚ ਗ਼ਦਰ, ਦੇਸੀ ਤੇ ਵਲੈਤੀ ਜੋਕਾਂ, ਪੰਜਾਬੀ ਸਿੰਘ ਤੇ ਗੁਜਰਾਤੀ ਔਰਤਾਂ, ਮੈਕਸੀਕੋ ਵਿਚ ਜ਼ਿੰਮੀਦਾਰਾਂ ਤੇ ਮਜ਼ਦੂਰਾਂ ਦੀ ਹਾਲਤ, ਰੂਸ ਅੰਦਰ ਗ਼ਦਰ ਦੀ ਤਿਆਰੀ, ਅੰਗਾਂ ਦੀ ਗਵਾਹੀ, ਅਜ਼ਾਦੀ ਦੇ ਅਸੂਲ ਆਦਿ ਸਨ। ਗ਼ਦਰ ਦੀ ਗੂੰਜ ਵਿਚ ਥਾਂ ਥਾਂ ਉਤੇ ਹਿੰਦੋਸਤਾਨ ਦੀ ਅੰਗਰੇਜ਼ਾਂ ਵਲੋਂ ਕੀਤੀ ਜਾਂਦੀ ਲੁੱਟ, ਗਰੀਬੀ, ਭੁੱਖਮਰੀ, ਬੀਮਾਰੀ ਆਦਿ ਦੀ ਨਸੀਹਤ ਕੀਤੀ ਕੀਤੀ ਗਈ ਹੈ। ਹਿੰਦੋਸਤਾਨ ਦੇ ਲੋਕ ਮੈਦਾਨ ਵਿਚ ਨਿਤਰਨ ਅਤੇ ਮਰਨ-ਮਾਰਨ ਦੀ ਲੜਾਈ ਕਰਕੇ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਾਉਣ। ਗ਼ਦਰ ਦੀ ਗੂੰਜ ਵਿਚ ਸਪੱਸ਼ਟ ਸੰਕਲਪ ਨਜ਼ਰ ਆਉਂਦਾ ਹੈ ਕਿ ਗ਼ਦਰੀ ਆਪਣੇ ਨਿੱਜੀ ਆਰਾਮ ਅਤੇ ਖੁਸ਼ਹਾਲੀ ਲਈ ਮੁਲਕ ਅਜ਼ਾਦ ਕਰਾਉਣ ਦੇ ਇਛੁੱਕ ਨਹੀਂ ਸਨ, ਸਗੋਂ ਆਉਣ ਵਾਲੀਆਂ ਨਸਲਾਂ ਲਈ ਸੁਨਹਿਰਾ ਭਵਿਖ ਬਣਾਉਣ ਲਈ ਕੁਰਬਾਨ ਹੋ ਜਾਣ ਲਈ ਤਿਆਰ ਹੋ ਰਹੇ ਸਨ।

ਗ਼ਦਰੀ ਕੇਵਲ ਅਖ਼ਬਾਰ ਰਾਹੀਂ ਪ੍ਰਚਾਰ ਕਰਨ ਨੂੰ ਬਿਹਤਰ ਨਹੀਂ ਸਮਝਦੇ ਸਨ ਉਨ੍ਹਾਂ ਨੇ ਗ਼ਦਰ ਲਹਿਰ ਵਿਚ ਸ਼ਾਮਲ ਭਾਰਤੀਆਂ ਨੂੰ ਹਿੰਦੋਸਤਾਨ ਜਾ ਕੇ ਪ੍ਰਚਾਰ ਕਰਨ ਦੀ ਅਪੀਲ ਕੀਤੀ ਅਤੇ ਫ਼ੌਜੀ ਪਲਟਨਾਂ ਵਿਚ ਪ੍ਰਚਾਰ ਕਰਨ ਲਈ ਕਿਹਾ ਅਤੇ ਫੌਜੀਆਂ ਨੂੰ ਬਗਾਵਤ ਕਰਨ ਲਈ ਪ੍ਰੇਰਿਤ ਕੀਤਾ।

*"ਲਾਲਾ ਹਰਦਿਆਲ ਨੇ 1913 ਵਿਚ 50 ਵਿਦਿਆਰਥੀਆਂ ਦਾ ਜਥਾ ਹਿੰਦੋਸਤਾਨ ਦੇ ਹਰ ਸੂਬੇ ਵਿਚ ਭੇਜਿਆ ਸੀ, ਜਿਨ੍ਹਾਂ ਨੇ ਥਾਂ-ਥਾਂ ਤੋਂ ਹਾਲਤ ਦਾ ਜਾਇਜ਼ਾ ਲੈ ਕੇ ਪਾਰਟੀ ਨੂੰ ਭੇਜਣਾ ਸੀ। ਮਹਾਂਰਾਸ਼ਟਰ ਦਾ ਇਕ ਵਿਦਿਆਰਥੀ ਆਪਣੀ ਰਿਪੋਰਟ ਵਿਚ ਲਿਖਦਾ ਹੈ: It is very cold here while it is very hot in America. (ਇਸਦਾ ਅਰਥ ਸੀ ਹਿੰਦੋਸਤਾਨ ਸੁੱਤਾ ਪਿਆ ਹੈ ਜਦ ਕਿ ਅਮਰੀਕਾ ਵਿਚ ਬੜੀ ਗਰਮਾ-ਗਰਮੀ ਹੈ।)"* [16]

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰਤ ਵਿਚ ਅਜ਼ਾਦੀ ਦੀ ਅਜਿਹੀ

ਕੋਈ ਲਹਿਰ ਨਹੀਂ ਜੋ ਅੰਗਰੇਜ਼ਾਂ ਦੇ ਖਿਲਾਫ਼ ਹੋਵੇ। ਅੰਗਰੇਜ਼ਾਂ ਨੇ ਭਾਰਤ ਵਿਚ ਜਾਗੀਰਦਾਰਾਂ, ਸ਼ਾਹੂਕਾਰਾਂ ਅਤੇ ਹੋਰ ਧਨਾਢ ਕਿਸਮ ਦੀਆਂ ਸ਼੍ਰੇਣੀਆਂ ਨੂੰ ਬਹੁਤ ਸਾਰੇ ਲਾਲਚ ਦੇ ਕੇ ਆਪਣੇ ਅਧੀਨ ਕੀਤਾ ਹੋਇਆ ਸੀ। ਗ਼ਦਰੀਆਂ ਨੇ ਆਮ ਲੋਕਾਂ ਨੂੰ ਅੰਗਰੇਜ਼ੀ ਸਰਕਾਰ ਦੀ ਅਸਲੀਅਤ ਦੱਸਣ ਲਈ ਅਤੇ ਗ਼ਦਰ ਅਖ਼ਬਾਰ ਉਨ੍ਹਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਬੰਤਾ ਸਿੰਘ ਸੰਘਵਾਲ ਜਿਨ੍ਹਾਂ ਨੂੰ ਭਾਰਤ ਦਾ ਜਾਇਜ਼ਾ ਲੈਣ ਲਈ ਭੇਜਿਆ ਗਿਆ ਸੀ,

> *'ਉਸਨੇ ਪੰਜਾਬ ਦੇ ਲੋਕਾਂ ਲਈ ਗ਼ਦਰ ਅਖ਼ਬਾਰ ਮੰਗਵਾਉਣੀ ਸ਼ੁਰੂ ਕੀਤੀ। ਇਹ ਅਖ਼ਬਾਰ ਅੰਗਰੇਜ਼ੀ ਅਖ਼ਬਾਰਾਂ ਵਿਚ ਲਪੇਟ ਕੇ ਆਉਂਦੀ ਸੀ। ਬੰਤਾ ਸਿੰਘ ਇਹ ਅਖ਼ਬਾਰ ਲੋਕਾਂ ਦੇ ਇਕੱਠ ਨੂੰ ਪੜ੍ਹ ਕੇ ਸੁਣਾਉਂਦਾ ਸੀ ਅਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਪ੍ਰਚਾਰ ਕਰਦਾ ਸੀ। ਪਾਰਟੀ ਦੇ ਹੁਕਮ ਅਨੁਸਾਰ ਇਲਾਕੇ ਵਿਚ ਪੰਚਾਇਤਾਂ ਕਾਇਮ ਕਰ ਲਈਆਂ ਸਨ। ਪਿੰਡ ਦੇ ਲੋਕਾਂ ਮਦਦ ਨਾਲ ਸੰਘਵਾਲ ਵਿਚ ਸਕੂਲ, ਲਾਇਬਰੇਰੀ ਤੇ ਪਸ਼ੂਆਂ ਦਾ ਹਸਪਤਾਲ ਸ਼ੁਰੂ ਕੀਤਾ ਗਿਆ। ਉਨ੍ਹਾਂ ਦੀਆਂ ਸਰਗਰਮੀਆਂ ਦਾ ਘੇਰਾ ਇਕ ਪਾਸੇ ਕਪੂਰਥਲੇ ਤਕ ਅਤੇ ਦੂਜੇ ਪਾਸੇ ਆਦਮਪੁਰ ਤੱਕ ਫੈਲ ਗਿਆ ਸੀ। ਗ਼ਦਰੀ ਜਦੋਂ ਬਾਹਰਲੇ ਮੁਲਕਾਂ ਤੋਂ ਦੇਸ ਪਰਤਣੇ ਸ਼ੁਰੂ ਹੋਏ ਤਾਂ ਸੰਘਵਾਲ ਖਾਸ ਕੇਂਦਰ ਬਣ ਗਿਆ ਸੀ।'* [17]

ਭਾਰਤ ਵਿਚ ਗ਼ਦਰ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ, ਅੰਗਰੇਜ਼ਾਂ ਦੇ ਫੈਲਾਏ ਗਏ ਝੂਠ ਦੀ ਸਚਾਈ ਪ੍ਰਗਟ ਕਰਨੀ, ਭਾਰਤ ਦੇ ਲੋਕਾਂ ਗੁਲਾਮੀ ਦੀ ਅਹਿਸਾਸ ਆਦਿ ਸਚਾਈਆਂ ਨੂੰ ਸਾਹਮਣੇ ਲੈ ਕੇ ਆਉਣ ਲਈ ਉਨ੍ਹਾਂ ਨੂੰ ਗ਼ਦਰ ਲਹਿਰ ਅਤੇ ਉਸ ਨਾਲ ਸੰਬੰਧਿਤ ਲੋਕਾਂ ਬਾਰੇ ਜਾਣੂ ਕਰਵਾਉਣਾ ਵਧੇਰੇ ਜ਼ਰੂਰੀ ਸੀ। ਭਾਰਤ ਦੀ ਅਜ਼ਾਦੀ ਲਈ ਗ਼ਦਰ ਲਹਿਰ ਨੇ ਪੰਡਿਤ, ਮੌਲਵੀ, ਫ਼ਕੀਰਾਂ ਅਤੇ ਸੰਨਿਆਸੀਆਂ ਨੂੰ ਉਪਦੇਸ਼ਕ ਦੇ ਰੂਪ ਵਿਚ ਭੇਜਿਆ ਉਹ ਪਿੰਡਾਂ ਵਿਚ ਜਾ ਕੇ ਗ਼ਦਰ ਦੇ ਗੀਤ ਗਾ ਕੇ ਭਿਖਿਆ ਮੰਗਦੇ ਸਨ। ਉਨ੍ਹਾਂ ਨੇ ਤਿਉਹਾਰਾਂ, ਮੇਲਿਆਂ ਉੱਤੇ ਵੀ ਅਜ਼ਾਦੀ ਲਈ ਲੋਕਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨਾ ਸ਼ੁਰੂ ਕੀਤਾ। ਇਸ ਤਿਆਰੀ ਨਾਲ ਲੋਕਾਂ ਵਿਚ ਆਤਮ ਵਿਸ਼ਵਾਸ ਪੈਦਾ ਹੋਇਆ ਉਹ ਅੰਗਰੇਜ਼ਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਣ ਲੱਗੇ ਅਤੇ ਅੰਗਰੇਜ਼ਾਂ ਦੀਆਂ ਨੌਕਰੀਆਂ ਤੋਂ ਪਾਸਾ ਵੱਟਣ ਲੱਗ ਪਏ। ਅੰਗਰੇਜ਼ਾਂ ਦੀ ਖਿਦਮਤ ਕਰਨ ਜੋ ਲੋਕ ਕੰਮ ਕਰਦੇ ਸਨ ਉਨ੍ਹਾਂ ਵਿੱਚ

> *"ਔਰਤਾਂ ਗੋਰਿਆਂ ਦੇ ਬੱਚਿਆਂ ਨੂੰ ਉਨ੍ਹਾਂ ਸਾਹਮਣੇ ਜ਼ਮੀਨ ਤੇ ਸੁਟ ਕੇ ਬਾਹਰ ਟਹਿਲਣ ਜਾਣ ਲਗ ਪਈਆਂ ਜੇ ਅੰਗਰੇਜ਼ ਕੁਝ ਬੋਲਦੇ ਸਨ ਤਾਂ ਉਹ ਝਟ ਨੌਕਰਾਂ ਕੋਲੋਂ ਜਵਾਬ ਸੁਣਦੇ ਸਨ। ਹੁਣ ਗ਼ਦਰ ਦਾ ਅਖੀਰੀ ਉਪਦੇਸ਼ ਆਇਆ ਯਾਨਿ ਕਿ ਚੁਪਾਤੀਆਂ (ਰੋਟੀਆਂ) ਵੰਡਣੀਆਂ ਸ਼ੁਰੂ ਹੋ ਗਈਆਂ। ਇਹ ਰੋਟੀਆਂ ਇਕ ਪਿੰਡ ਦੇ ਨੰਬਰਦਾਰ ਨੂੰ ਦਿੱਤੀਆਂ ਜਾਂਦੀਆਂ ਹਨ। ਉਹ ਆਪਣੇ ਪਿੰਡ ਵਿਚ ਵੰਡ ਕੇ ਦੂਜੇ ਪਿੰਡਾਂ ਵਿਚ ਉਨੀਆਂ ਹੀ ਪੱਕਾ ਭੇਜ ਦਿੰਦਾ ਸੀ। ਜਿਹੜਾ ਇਨ੍ਹਾਂ ਇਨ੍ਹਾਂ ਰੋਟੀਆਂ ਨੂੰ ਲੈ ਲੈਂਦਾ ਸੀ, ਉਹ ਮੁਲਕ ਦੀ ਖਾਤਿਰ ਮਰਨ ਨੂੰ ਤਿਆਰ ਹੋ ਜਾਂਦਾ ਸੀ।"* [18]

ਇਸ ਬਿਰਤਾਂਤ ਵਿਚ ਸਾਨੂੰ "ਰੋਟੀਆਂ ਦਾ ਵੰਡਣਾ" ਆਮ ਗੱਲ ਲੱਗ ਸਕਦੀ ਹੈ ਰੋਟੀ ਤੋਂ ਭਾਵ ਗ਼ਦਰ ਅਖਬਾਰ ਹੈ ਜਿ ਨੂੰ ਵੰਡਣ ਲਈ ਰੋਟੀ ਪਦਾਰਥ ਦੀ ਮਦਦ ਲਈ ਗਈ ਹੋਵੇ ਗ਼ਦਰ ਅਖ਼ਬਾਰ ਵਿਚ ਰੋਟੀਆਂ ਲਪੇਟ ਕੇ ਵੱਖ-ਵੱਖ ਥਾਂਵਾਂ ਉਤੇ ਵੰਡੀਆਂ ਗਈਆਂ ਹੋਣ ਜਿਸ ਨੇ ਲੋਕਾਂ ਨੂੰ ਮੁਲਕ ਦੀ ਅਜ਼ਾਦੀ ਲਈ ਲੜਨ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਪੰਜਾਬ ਵਿਚ ਆ ਕੇ ਗ਼ਦਰੀਆਂ ਨੇ ਸਾਹਿਤਕ ਕਾਰਜ ਦੀ ਨਿਰੰਤਰਤਾ ਨੂੰ ਕਾਇਮ ਰੱਖਿਆ,

> *"ਗੁਲਾਬ ਕੌਰ ਦੇ ਮਕਾਨ ਵਿਚ ਪਾਰਟੀ ਲਿਟਰੇਚਰ ਛਾਪਣ ਲਈ ਪ੍ਰੈਸ ਦਾ ਸਮਾਨ ਰਖਿਆ ਗਿਆ ਸੀ ਜਿਸ ਦੇ ਬਾਹਰ ਬੀਬੀ ਗੁਲਾਬ ਕੌਰ ਚਰਖਾ ਕਤਦੀ ਰਹਿੰਦੀ ਸੀ ਅਤੇ ਅੰਦਰ ਲਿਟਰੇਚਰ ਛਪਦਾ ਰਹਿੰਦਾ ਸੀ। ਝੰਡੇ ਵੀ ਏਥੇ ਤਿਆਰ ਹੋ ਰਹੇ ਸਨ। ਆਉਣ ਵਾਲੇ ਹੋਰ ਗ਼ਦਰੀਆਂ ਨੂੰ ਕੋਡ ਵਰਡ ਬੋਲਣ ਤੇ ਹੀ ਅੰਦਰ ਆਉਣ ਦਿੱਤਾ ਜਾਂਦਾ ਸੀ।"* [19]

ਉਨ੍ਹਾਂ ਨੇ ਗ਼ਦਰ ਲਹਿਰ ਦੇ ਸਾਹਿਤਕ ਕਾਰਜ ਨੂੰ ਸਥਗਿਤ ਨਹੀਂ ਹੋਣ ਦਿੱਤਾ, ਸਗੋਂ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਤੋਂ ਬਚਾਅ ਕਰਕੇ ਆਪਣੀਆਂ ਸਰਗਰਮੀਆਂ ਨੂੰ ਮੁੜ ਅੰਜ਼ਾਮ ਦਿੱਤਾ। ਗ਼ਦਰ ਅਖ਼ਬਾਰ ਦੁਆਰਾ ਅੰਗਰੇਜ਼ਾਂ ਵੱਲੋਂ ਕੀਤੇ ਜਾਂਦੇ ਕਾਰਨਾਮਿਆਂ ਉੱਤੇ ਚਾਨਣਾ ਪਾਇਆ ਜਾਂਦਾ ਸੀ ਜੋ ਸਾਡੇ ਮੁਲਕ ਨੂੰ ਹਰ ਪੱਖ ਤੋਂ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਸਨ। ਗ਼ਦਰੀਆਂ ਨੇ ਗ਼ਦਰ ਅਖ਼ਬਾਰ ਅਤੇ ਪਰਚਿਆਂ ਵਿਚ ਅੰਗਰੇਜ਼ਾਂ ਦੀਆਂ ਸਾਜ਼ਿਸ਼ਾਂ ਦੇ ਵੇਰਵੇ ਦਿੱਤੇ ਅਤੇ ਲੋਕਾਂ ਦੀ ਆਮ ਭਾਸ਼ਾ ਵਿਚ ਸਮਝਾਇਆ। ਗ਼ਦਰ ਅਖ਼ਬਾਰ ਨਾ ਕੇਵਲ ਗ਼ਦਰ ਪਾਰਟੀ ਦਾ ਪਹਿਲਾ ਅਮਲੀ ਕਦਮ ਸੀ, ਸਗੋਂ ਸ਼ੁਰੂਆਤੀ ਪੜਾਅ ਸਮੇਂ ਇਹ ਗ਼ਦਰ ਲਹਿਰ ਦੀਆਂ ਸਾਰੀਆਂ ਕਾਰਵਾਈਆਂ ਦਾ ਧੁਰਾ ਸੀ। ਬਲਕਿ ਪਿਛੋਂ ਵੀ ਗ਼ਦਰ ਲਹਿਰ ਦੇ ਆਸ਼ਿਆਂ ਨੂੰ ਪ੍ਰਚਾਰਨ ਅਤੇ ਇਸ ਲਹਿਰ ਨੂੰ ਇਨਕਲਾਬੀ ਤਾਕਤ ਬਨਾਉਣ

ਦਾ ਸਭ ਤੋਂ ਵੱਡਾ ਕਦਮ ਸਾਬਤ ਹੋਇਆ।

ਅਮਰੀਕਾ ਤੋਂ ਬਾਹਰ ਗ਼ਦਰ ਅਖ਼ਬਾਰ ਹੀ ਥਾਂ-ਥਾਂ ਅਜਿਹਾ ਕੇਂਦਰ ਬਣਿਆ, ਜਿਸ ਕਰਕੇ ਗ਼ਦਰ ਲਹਿਰ ਦੇ ਵਿਚਾਰਾਂ ਦਾ ਸਮਰਥਨ ਕਰਨ ਵਾਲੇ ਲੋਕ ਇਕੱਠੇ ਹੁੰਦੇ ਸਨ, ਇਹ ਲੋਕ ਗ਼ਦਰ ਲਹਿਰ ਵਿਚ ਬਿਨਾਂ ਕਿਸੇ ਪਰਵਾਹ ਦੇ ਸ਼ਾਮਲ ਹੋ ਗਏ ਸਨ। ਹਿੰਦ ਦੀ ਸਰਕਾਰ ਵਲੋਂ ਅਖ਼ਬਾਰ ਦੀ ਹਰ ਛਪਾਈ ਜ਼ਬਤ ਕਰਕੇ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤੀ ਜਾਂਦੀ, ਭੇਜੇ ਗਏ ਪਰਚਿਆਂ ਨੂੰ ਕਾਬੂ ਕਰਨ ਲਈ ਹਾਂਗਕਾਂਗ, ਸਿੰਘਾਪੁਰ, ਕਲਕੱਤਾ, ਮਦਰਾਸ, ਬੰਬਈ, ਰੰਗੂਨ ਆਦਿ ਸਮੁੰਦਰੀ ਘਾਟਾਂ ਉੱਤੇ ਅਮਰੀਕਾ ਤੋਂ ਆ ਰਹੀ ਡਾਕ ਤੇ ਬਿਲਟੀਆਂ ਖੋਲ੍ਹ ਕੇ ਵੇਖਣ ਤੇ ਅਨ-ਚਾਹਿਆ ਮਾਲ ਜ਼ਬਤ ਕਰ ਲੈਣ ਦੇ ਅਖਤਿਆਰ ਲਿਖੇ ਹੋਏ ਸਨ। ਇਸ ਤਰ੍ਹਾਂ ਅੰਗਰੇਜ਼ੀ ਸਾਮਰਾਜ ਨੇ ਪਰਚੇ ਨੂੰ ਆਪਣੇ ਹੇਠ ਦਬੇ ਹੋਏ ਦੇਸ਼ਾਂ ਵਿਚ ਜਾਣੋ ਰੋਕ ਦਿੱਤਾ, ਤਾਂ ਪਾਰਟੀ ਨੇ ਨਵਾਂ ਰਾਹ ਕੱਢ ਲਿਆ।

*"ਇਹਨਾਂ ਅੰਗਰੇਜ਼ਾਂ ਹੇਠ ਦੱਬੇ ਹੋਏ ਦੇਸ਼ਾਂ ਨੂੰ ਭੇਜੇ ਜਾਣ ਵਾਲੇ ਪਰਚੇ ਨੂੰ ਪਾਰਟੀ ਅਮਰੀਕਾ ਤੋਂ ਸਿੱਧੀ ਮੰਜ਼ਿਲ ਉਤੇ ਭੇਜਣਾ ਹਟਾਕੇ, ਸਾਰੇ ਦਾ ਸਾਰਾ ਪਰਚਾ ਪਹਿਲਾਂ ਕੈਨੇਡਾ ਭੇਜ ਦਿੰਦੀ ਤੇ ਉਥੋਂ ਸਾਰੀਆਂ ਮੰਜ਼ਿਲਾਂ ਨੂੰ ਡਾਕ ਰਾਹੀਂ ਪਹੁੰਚਾਉਂਦੀ, ਜਦ ਅੰਗਰੇਜ਼ੀ ਰਾਜ ਨੂੰ ਕੈਨੇਡਾ ਦਾ ਪਤਾ ਲੱਗਾ ਤਾਂ ਪਰਚਾ ਫੇਰ ਰੁਕ ਗਿਆ, ਤਾਂ ਪਾਰਟੀ ਨੇ ਜਾਪਾਨ ਤੋਂ ਭੇਜਣਾ ਸ਼ੁਰੂ ਕਰ ਦਿੱਤਾ। ਜਦੋਂ ਜਾਪਾਨ ਦੀ ਡਾਕ ਵੀ ਫਰੋਲੀ ਤੇ ਰੋਕੀ ਜਾਣ ਲੱਗੀ ਤਾਂ ਪਾਰਟੀ ਨੇ ਪਰਚਾ ਪੇਟੀਆਂ ਵਿਚ ਬੰਦ ਕਰਕੇ ਜਾਪਾਨ ਭੇਜਣਾ ਸ਼ੁਰੂ ਕਰ ਦਿੱਤਾ ਇਥੋਂ ਮੌਲਵੀ ਬਰਕਤਉਲਾ ਦੀ ਅਗਵਾਈ ਹੇਠ ਬਣੀ ਗ਼ਦਰ ਪਾਰਟੀ ਇਕਾਈ ਨੇ ਇਸ ਨੂੰ ਕਿਸੇ ਬੰਦੇ ਦੇ ਹੱਥ ਉਸਦੇ ਅਸਬਾਬ ਦੇ ਤੌਰ ਤੇ ਪੈਰਿਸ ਮੈਡਮ ਕਾਮਾ ਪਾਸ ਭੇਜਣ ਤੇ ਉਥੋਂ ਵੰਡਣ ਦਾ ਬੰਦੋਬਸਤ ਕਰ ਲਿਆ। ਪਹਿਲੀ ਵਾਰੀ ਇਹ ਕੰਮ ਭਾਈ ਭਗਵਾਨ ਸਿੰਘ ਦੇ ਸਪੁਰਦ ਕੀਤਾ ਗਿਆ। ਭਾਈ ਭਗਵਾਨ ਸਿੰਘ ਗ਼ਦਰ ਨਾਲ ਭਰੀਆਂ ਪੇਟੀਆਂ ਲੈ ਕੇ ਜਹਾਜ਼ ਵਿਚ ਗਿਆ ਜਦੋਂ ਜਹਾਜ਼ ਹਾਂਗਕਾਂਗ ਜਾ ਕੇ ਲੱਗਾ ਤਾਂ ਅੰਗਰੇਜ਼ੀ ਪੁਲਸ ਜਹਾਜ਼ 'ਤੇ ਚੜ੍ਹ ਆਈ ਤੇ ਭਾਈ ਭਗਵਾਨ ਸਿੰਘ ਨੂੰ ਭਾਲਣ ਲੱਗੀ। ਭਾਈ ਤਾਂ ਪੁਲਸ ਨੂੰ ਦੂਰੋਂ ਆਉਂਦਿਆਂ ਦੇਖ ਕੇ ਜਹਾਜ਼ ਵਿਚੋਂ ਬੇੜੀ ਵਿਚ ਉਤਰ ਗਿਆ। ਪੁਲਸ ਨੇ ਗ਼ਦਰ ਅਖ਼ਬਾਰ ਦੀਆਂ ਦੋ ਪੇਟੀਆਂ ਕਾਬੂ ਕਰ ਲਈਆਂ ਤੇ ਇਸ ਤਰ੍ਹਾਂ ਪੈਰਿਸ ਭੇਜੇ ਜਾਣ ਦਾ ਪਤਾ ਲੱਗ ਗਿਆ।"* [20]

ਇਹਨਾਂ ਘਟਨਾਵਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਅੰਗਰੇਜ਼ੀ ਸਰਕਾਰ ਦੀ ਬਹੁਤੀ ਤਾਕਤ ਗ਼ਦਰੀਆਂ ਦੀਆਂ ਕਾਰਵਾਈਆਂ ਉੱਤੇ ਚੌਕਸ ਨਜ਼ਰ ਰੱਖਣ ਵਿਚ ਲੱਗ ਰਹੀ ਸੀ। ਉਨ੍ਹਾਂ ਲਈ ਗ਼ਦਰੀਆਂ ਦੀਆਂ ਕਾਰਵਾਈਆਂ ਦੇ ਅੰਦਾਜ਼ੇ ਲਗਾਉਣੇ ਅਸੰਭਵ ਸਨ ਜਿਸ ਦੀ ਬਦੌਲਤ ਅੰਗਰੇਜ਼ਾਂ ਨੇ ਗ਼ਦਰੀਆਂ ਵਿਚ ਗ਼ਦਾਰਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਈ। ਅੰਤ ਵਿਚ ਗ਼ਦਰ ਲਹਿਰ ਨੂੰ ਢਾਹ ਲਾਉਣ ਵਿਚ ਗ਼ਦਾਰਾਂ ਨੇ ਅੰਗਰੇਜ਼ੀ ਸਰਕਾਰ ਦੇ ਪਿੱਠੂ ਕਿਰਦਾਰ ਦੀ ਭੂਮਿਕਾ ਨਿਭਾਈ। ਅੰਗਰੇਜ਼ ਹਕੂਮਤ ਨੇ ਗ਼ਦਰੀਆਂ ਨੂੰ ਹਰਾਉਣ ਲਈ ਗ਼ਦਰੀਆਂ ਵਿਚ ਕੁਝ ਸੀ. ਆਈ. ਡੀ. ਬੰਦੇ ਤੈਨਾਤ ਕਰ ਦਿੱਤੇ ਜਿਸ ਤੋਂ ਉਹ ਖ਼ੁਫ਼ੀਆ ਭੇਤਾਂ ਬਾਰੇ ਜਾਣੂ ਹੋ ਸਕਣ। ਗ਼ਦਰੀਆਂ ਦੀਆਂ ਖ਼ੁਫੀਆ ਕਾਰਵਾਈਆਂ ਵਿਚ ਉਨ੍ਹਾਂ ਨੇ ਗੁਪਤ ਭਾਸ਼ਾ ਨੂੰ ਘੜਿਆ, ਜਾਵੇਂ ਉਹ "ਪਿਸਤੌਲ ਨੂੰ ਕਬੂਤਰ" ਅਤੇ "ਗੋਲੀਆਂ ਨੂੰ ਆਂਡੇ" ਕਹਿੰਦੇ ਸਨ। ਉਹ ਇਕ ਦੂਜੇ ਨੂੰ ਮਿਲਣ ਲਈ ਚਿੰਨ੍ਹਾਂ, ਇਸ਼ਾਰਿਆਂ ਦੀ ਵਰਤੋਂ ਕਰਦੇ ਸਨ।

*ਗ਼ਦਰ ਪ੍ਰੈਸ ਨੇ ਲਾਲਾ ਹਰਦਿਆਲ ਦੀਆਂ ਲਿਖਤਾਂ ਉਰਦੂ ਤੇ ਪੰਜਾਬੀ ਵਿਚ ਛਾਪ ਕੇ ਦਸ-ਦਸ ਹਜ਼ਾਰ ਦੀ ਗਿਣਤੀ ਵਿਚ ਮੁਫ਼ਤ ਵੰਡੀਆਂ ਸਨ। ਇਨ੍ਹਾਂ ਲਿਖਤਾਂ ਵਿਚ "ਬਰਾਬਰੀ ਦਾ ਅਰਥ, ਨੀਮ ਹਕੀਮ ਖਤਰਾ ਏ ਜਾਨ, ਗ਼ੁਲਾਮੀ ਦਾ ਜ਼ਹਿਰ, ਭਾਰਤੀ ਕਿਸਾਨ, ਸੋਸ਼ਲ ਕੰਕੁਐਸਟ ਆਫ ਦ ਹਿੰਦੀ ਰੇਸ ਆਦਿ ਸ਼ਾਮਲ ਸਨ। ਇਸ ਤੋਂ ਬਿਨਾਂ 80 ਦੇ ਕਰੀਬ ਹੋਰ ਪੈਂਫਲਿਟ ਪੰਜਾਬੀ, ਉਰਦੂ ਵਿਚ ਛਾਪ ਕੇ ਗ਼ਦਰ ਪਾਰਟੀ ਨੇ ਮੁਫਤ ਵੰਡੇ ਸਨ। ਸਾਰੇ ਹੀ ਦਸ-ਦਸ ਹਜ਼ਾਰ ਦੀ ਗਿਣਤੀ ਵਿਚ ਛਾਪੇ ਸਨ। ਅੰਗਰੇਜ਼ ਸਰਕਾਰ ਅੰਗਰੇਜ਼ੀ ਦੀਆਂ ਲਿਖਤਾਂ ਨੂੰ ਇਨ੍ਹਾਂ ਖਤਰਨਾਕ ਨਹੀਂ ਸਮਝਦੀ ਸੀ ਜਿਨ੍ਹਾਂ ਪੰਜਾਬੀ ਅਤੇ ਉਰਦੂ ਦੀਆਂ ਲਿਖਤਾਂ ਨੂੰ ਸਮਝਦੀ ਸੀ।"* [21]

ਗ਼ਦਰ ਦੀ ਗੂੰਜ ਵਿਚ ਥਾਂ ਥਾਂ ਉਤੇ ਭਾਰਤ ਦੀ ਅੰਗਰੇਜ਼ਾਂ ਵਲੋਂ ਕੀਤੀ ਜਾਂਦੀ ਲੁੱਟ, ਗਰੀਬੀ, ਭੁੱਖਮਰੀ, ਬੀਮਾਰੀ ਆਦਿ ਦੀ ਵਿਆਖਿਆ ਆਉਂਦੀ ਹੈ ਅਤੇ ਸਾਰੇ ਫਿਰਕਿਆਂ ਦੇ ਲੋਕਾਂ ਨੂੰ ਇਕੱਠੇ ਹੋਣ ਦੀ ਨਸੀਹਤ ਕੀਤੀ ਗਈ ਹੈ। ਇਸ ਤਰ੍ਹਾਂ ਵਾਰ-ਵਾਰ ਜ਼ਿਕਰ ਆਉਂਦਾ ਹੈ ਕਿ ਭਾਰਤ ਦੇ ਲੋਕ ਮੈਦਾਨ ਵਿਚ ਨਿਤਰਣ ਅਤੇ ਮਰਨ-ਮਾਰਨ ਦੀ ਲੜਾਈ ਕਰਕੇ ਕੁਰਬਾਨੀਆਂ ਦੇ ਕੇ ਦੇਸ ਅਜ਼ਾਦ ਕਰਾਉਣ।

*"ਗ਼ਦਰ ਪਾਰਟੀ ਵੱਲੋਂ ਛਾਪੇ ਗਏ ਸਾਹਿਤ ਨਾਲ ਜਨਤਕ ਹਮਦਰਦੀ ਤੇ ਜਾਗਰਤਾ ਪੈਦਾ ਹੋਈ। ਦਸ ਹਜ਼ਾਰ "ਅਜ਼ਾਦੀ ਦੇ ਸਿਪਾਹੀ" ਭਾਰਤ ਵਿਚ ਭੇਜਣਾ ਇਤਿਹਾਸ ਦਾ ਇਕ ਹਿੱਸਾ ਹੈ ਭਾਵੇਂ ਅਜੇ ਤਕ ਇਸ ਨੂੰ ਮਾਨਤਾ ਨਹੀਂ ਮਿਲੀ।"* [22]

ਦੂਜੇ ਦੇਸਾਂ ਵਿਚ ਵਾਪਰੇ ਇਨਕਲਾਬ ਤੇ ਉਨ੍ਹਾਂ ਦੀ ਤਰੱਕੀ ਦੇ ਵੱਖ-ਵੱਖ

ਦੇਸਾਂ ਵਿਚ ਉਠਦੀਆਂ ਲਹਿਰਾਂ ਉਨ੍ਹਾਂ ਲਈ ਉਤਸ਼ਾਹ ਦਾ ਸੋਮਾ ਸਨ। ਉਹ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸਭ ਕੁਝ ਕੁਰਬਾਨ ਲਈ ਤਿਆਰ ਸਨ। ਸੋਹਨ ਸਿੰਘ ਭਕਨਾ ਲਿਖਦੇ ਹਨ-

*"19 ਨਵੰਬਰ, 1915 ਨੂੰ ਸਵੇਰੇ ਤਿੰਨ-ਤਿੰਨ ਕਰਕੇ ਸਾਡੇ ਸਾਥੀਆਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਇਹਨਾਂ ਦੇ ਨਾਂ-ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਹਰਨਾਮ ਸਿੰਘ, ਬਖਸ਼ੀਸ਼ ਸਿੰਘ, ਸੁਰੈਣ ਸਿੰਘ, ਸੁਰੈਣ ਸਿੰਘ (ਛੋਟਾ)। ਇਹਨਾਂ ਦੇਸ਼ਭਗਤਾਂ ਨੇ ਫਾਂਸੀ ਲੱਗਣ ਵੇਲੇ ਨਹਾਇਤ ਸੰਜੀਦਗੀ ਤੇ ਮੁਸਤਕਿਲ ਮਜਾਜੀ (ਅੱਗੇ ਹੋ ਕੇ) ਦਾ ਸਬੂਤ ਦਿੱਤਾ। ਕਿਸੇ ਦੇ ਚਿਹਰੇ ਤੇ ਜ਼ਰਾ ਵੀ ਡਰ ਜਾਂ ਘਬਰਾਹਟ ਨਹੀਂ ਸੀ। ਉਹ ਕੌਮੀ ਗੀਤ ਗਾਉਂਦੇ ਹੋਏ ਫਾਂਸੀ ਵੱਲ ਵਧੇ ਅਤੇ ਹੱਸਦੇ ਹੋਏ ਫਾਂਸੀ ਲਟਕ ਗਏ। ਫਾਂਸੀ ਲਾਉਣ ਵੇਲੇ ਜਿਹੜੇ ਸਿਪਾਹੀ 'ਤੇ ਜੇਲ੍ਹ ਅਫ਼ਸਰ ਉੱਥੇ ਮੌਜੂਦ ਸਨ, ਉਹਨਾਂ ਦੇ ਮੂੰਹੋਂ ਇਹਨਾਂ ਸਾਥੀਆਂ ਦੀ ਮੁਸਤਕਿਲ ਮਜਾਜੀ ਦੀ ਜਿਹੜੀ ਤਾਰੀਫ਼ ਅਸਾਂ ਸੁਣੀ, ਉਸ ਉੱਤੇ ਅਸੀਂ ਜ਼ਿੰਦਾ ਰਹਿ ਗਏ ਸਾਥੀ ਹਮੇਸ਼ਾ ਨਾਜ਼ ਕਰਦੇ ਰਹਾਂਗੇ।"* [23]

ਗ਼ਦਰੀਆਂ ਦੀਆਂ ਸਜ਼ਾਵਾਂ ਨੇ ਉਨ੍ਹਾਂ ਦੇ ਸਾਥੀਆਂ ਦੇ ਹੌਂਸਲਿਆਂ ਨੂੰ ਢਾਹ ਲਾਉਣ ਦੀ ਬਜਾਏ, ਉਨ੍ਹਾਂ ਨੂੰ ਹੋਰ ਮਜ਼ਬੂਤ ਕੀਤਾ ਅਤੇ ਜਿਸ ਨਾਲ ਦੇਸ਼ਭਗਤੀ ਦੀ ਭਾਵਨਾ ਵਧੀ। ਕੈਦੀਆਂ ਨੂੰ ਜੇਲ੍ਹਾਂ ਵਿਚ ਅੰਗਰੇਜ਼ੀ ਸਰਕਾਰ ਦੇ ਖਤਰਨਾਕ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਉਤੇ ਜ਼ਹਿਨੀ ਅਤੇ ਜਿਨਸੀ ਸ਼ੋਸਣ ਦੇ ਰੂਪ ਵਿਚ ਜ਼ੁਲਮੀ ਢੰਗ ਨਾਲ ਤਸ਼ੱਦਦ ਢਾਹਿਆ ਗਿਆ। ਇਸ ਤਸ਼ੱਦਦ ਤੋਂ ਰੁਖ਼ਸਤ ਹੋਣ ਦਾ ਵੀ ਉਨ੍ਹਾਂ ਕੋਲ ਮੌਕਾ ਸੀ ਪਰ ਉਨ੍ਹਾਂ ਨੇ ਸੁਖ-ਸਹੂਲਤਾਂ ਦੀ ਜ਼ਿੰਦਗੀ ਤਿਆਗ ਕੇ ਦੇਸ ਨੂੰ ਗ਼ੁਲਾਮੀ ਤੋਂ ਮੁਕਤ ਕਰਵਾਉਣ ਦਾ ਅਹਿਦ ਕਰ ਲਿਆ ਸੀ। ਉਹ ਅਹਿਦ ਦੇ ਲੇਖੇ ਹੀ ਜ਼ਿੰਦਗੀ ਕੁਰਬਾਨ ਕਰਨਾ ਚਾਹੁੰਦੇ ਸਨ ਪਰ ਫੇਰ ਇਹ ਰਸਤਾ ਕਿੰਨਾ ਵੀ ਔਖਾ ਕਿਉਂ ਨਾ ਹੋਵੇ। ਲਹਿਰਾਂ ਦੌਰਾਨ ਸੰਗਰਾਮ, ਸ਼ਹੀਦੀਆਂ, ਗੋਲੀਆਂ, ਫਾਂਸੀਆਂ, ਕਾਲ ਕੋਠੜੀਆਂ 'ਤੇ ਜੇਲ੍ਹਾਂ ਦੇ ਅਸਹਿ ਤਸੀਹੇ, ਜ਼ਬਰ ਆਦਿ ਮਹਾਨ ਸੁਤੰਤਰਤਾ ਸੰਗਰਾਮ ਦਾ ਅੰਗ ਰਹੇ ਸਨ। ਬਾਬਾ ਸੋਹਣ ਸਿੰਘ ਭਕਨਾ ਲਿਖਦੇ ਹਨ-

*"ਪਹਿਲੀ ਸੰਸਾਰ ਜੰਗ ਵੇਲੇ ਜਦੋਂ ਗ਼ੁਲਾਮੀ ਨਾਲ ਲਿਤਾੜੀ ਭਾਰਤੀ ਜਨਤਾ ਅਸਲੋਂ ਨਿਢਾਲ ਹੋ ਚੁੱਕੀ ਸੀ ਤਾਂ ਇਕ ਇਨਕਲਾਬੀ ਲਹਿਰ ਨੇ ਕੌਮ ਦੀ ਸੁੱਤੀ ਹੋਈ ਆਤਮਾ ਨੂੰ ਝੰਜੋੜ ਸੁਟਿਆ। ਇਸ ਲਹਿਰ ਦਾ ਸਿਹਰਾ ਗ਼ਦਰ ਪਾਰਟੀ ਦੇ ਸਿਰ ਹੈ। ਗ਼ਦਰ ਪਾਰਟੀ 1913 ਵਿਚ ਅਮਰੀਕਾ ਅਤੇ ਕੈਨੇਡਾ ਗਏ ਹਿੰਦੀ ਮਿਹਨਤ-ਕਸ਼ਾਂ, ਹਿੰਦੀ ਜਲਾਵਤਨ ਦੇਸ਼ ਭਗਤਾਂ ਅਤੇ ਹਿੰਦੀ ਵਿਦਿਆਰਥੀਆਂ ਦੀ ਮਿਲਵੀਂ ਕੋਸ਼ਿਸ਼ ਦੇ ਸਿੱਟੇ ਵਜੋਂ ਹੋਂਦ ਵਿਚ ਆਈ। ਗ਼ਦਰ ਪਾਰਟੀ ਦੇ ਸੈਂਕੜੇ ਸੂਰਮੇ ਫਾਂਸੀਆਂ ਤੇ ਝੂਲ ਗਏ, ਜੇਲ੍ਹਾਂ ਵਿਚ ਘਾਤਕ ਤਸੀਹੇ ਝੱਲੇ ਤੇ ਲੰਮੀਆਂ ਭੁਖ ਹੜਤਾਲਾਂ ਕੀਤੀਆਂ, ਪਰ ਹਰ ਹਾਲਤ ਵਿਚ ਗ਼ੁਲਾਮੀ, ਲੁਟ ਤੇ ਅਨਿਆਇ ਵਿਰੁੱਧ ਝੰਡਾ ਚੁੱਕੀ ਰਖਿਆ।"* [24]

ਗ਼ਦਰ ਲਹਿਰ ਦਾ ਇਤਿਹਾਸ ਨਾ ਕੇਵਲ ਕੁਰਬਾਨੀਆਂ, ਸ਼ਹੀਦੀਆਂ, ਸਮਰਪਣ ਤੱਕ ਸੀਮਤ ਹੈ ਸਗੋਂ ਸਾਂਝੀਵਾਲਤਾ, ਭਾਈਚਾਰਕ ਸਾਂਝ ਨੂੰ ਸਥਾਪਿਤ ਕਰਨ ਅਤੇ ਅਗਾਂਹਵਧੂ ਸੋਚ ਪੈਦਾ ਕਰਨ ਦਾ ਸਿਹਰਾ ਵੀ ਹਾਸਲ ਹੈ। ਗ਼ਦਰੀਆਂ ਵਲੋਂ ਭਾਰਤ ਵਿਚ ਗ਼ਦਰ ਕਰਨ ਲਈ ਵੱਖ-ਵੱਖ ਥਾਂਵਾਂ ਉਤੇ ਮੋਰਚਾਬੰਦੀ ਕੀਤੀ ਗਈ ਇਨ੍ਹਾਂ ਮੋਰਚਿਆਂ ਦੌਰਾਨ ਗ਼ਦਰੀ ਸੂਰਮੇ ਨੂੰ ਫ਼ੌਜ ਅਤੇ ਪੁਲਿਸ ਦੇ ਮੁਕਾਬਲਿਆਂ ਵਿਚ ਗੋਲੀਆਂ ਦਾ ਸ਼ਿਕਾਰ ਹੋਏ, ਬਹੁਤ ਸਾਰੇ ਫ਼ੌਜੀਆਂ (ਗ਼ਦਰ ਲਹਿਰ ਵਿਚ ਸ਼ਾਮਲ) ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਤਿੰਨ ਸੌ ਉਪਰ ਗ਼ਦਰੀਆਂ ਨੂੰ ਉਮਰ ਕੈਦ ਕੱਟਣ ਅਤੇ ਘੱਟ ਸਜ਼ਾਵਾਂ ਲਈ ਕਾਲੇਪਾਣੀ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਫਾਂਸੀਆਂ ਅਤੇ ਉਮਰ ਕੈਦ ਕੱਟਣ ਵਾਲਿਆਂ ਦੇ ਪਰਿਵਾਰਾਂ ਨੂੰ ਜੇਲ੍ਹਾਂ ਵਿਚ ਤਸ਼ੱਦਦ ਅਤੇ ਜਾਇਦਾਦ ਜ਼ਬਤੀ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਤੋਂ ਇਲਾਵਾ ਗ਼ਦਰੀ ਜੇਲ੍ਹਾਂ ਵਿਚ, ਪਿੰਡਾਂ ਵਿਚ ਬੰਦ ਕੀਤੇ ਗਏ। ਜੇਲ੍ਹ ਤੋਂ ਛੁੱਟ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਪੁਲਿਸ ਦੀ ਨਿਗਰਾਨੀ ਹੇਠ ਰੱਖਿਆ ਗਿਆ।

*"ਗ਼ਦਰ ਪਾਰਟੀ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਉਹ ਰਾਸ਼ਟਰੀ ਪਾਰਟੀ ਸੀ, ਜਿਸ ਦਾ ਪਾਸਾਰ ਸੰਸਾਰ ਦੇ ਅਨੇਕਾਂ ਦੇਸਾਂ ਵਿਚ ਹੋ ਚੁੱਕਾ ਸੀ ਅਤੇ ਉਥੋਂ ਦੀਆਂ ਲੋਕ-ਲਹਿਰਾਂ ਤੇ ਇਨਕਲਾਬੀ ਸੰਗਰਾਮੀਆਂ ਵੱਲੋਂ ਮੁੜਵੇਂ ਰੂਪ ਵਿਚ ਗ਼ਦਰ ਪਾਰਟੀ ਲਹਿਰ ਨੂੰ ਵੀ ਭਰਪੂਰ ਸਮਰਥਨ ਮਿਲ ਰਿਹਾ ਸੀ। ਭਾਰਤ ਦੀ ਕੌਮੀ ਆਜ਼ਾਦੀ ਦੀ ਲਹਿਰ ਦਾ ਇਹ ਅੰਤਰ-ਰਾਸ਼ਟਰੀਕਰਨ ਗ਼ਦਰ ਪਾਰਟੀ ਦੀ ਅਦੁੱਤੀ ਵਿਸ਼ੇਸ਼ਤਾ ਸੀ।"* [25]

ਇਸ ਸੋਚ ਨੂੰ ਭਾਰਤ ਦੇ ਲੋਕਾਂ ਤੱਕ ਪਹੁੰਚਾਉਣਾ ਅਤੇ ਲੋਕਾਂ ਨੂੰ ਗ਼ੁਲਾਮ ਹੋਣ ਦੇ ਸਹੀ ਅਰਥ ਦੱਸਣ ਲਈ ਗ਼ਦਰੀਆਂ ਨੇ 'ਗ਼ਦਰ' ਨਾਂ ਦਾ ਅਖ਼ਬਾਰ ਕੱਢਿਆ, ਜਿਸਨੇ ਉਨ੍ਹਾਂ ਦੀ ਸੋਚ, ਵਿਚਾਰਧਾਰਾ ਅਤੇ ਕੰਮਾਂ ਬਾਰੇ ਪ੍ਰਚਾਰ ਦਾ ਕੰਮ ਕੀਤਾ ਸੀ।

**ਸਿੱਟਾ**

ਗ਼ਦਰ ਲਹਿਰ ਆਪਣੇ ਟੀਚਿਆਂ ਨੂੰ ਕਾਮਯਾਬ ਕਰਨ ਵਿਚ ਭਾਵੇਂ ਅਸਫਲ ਰਹੀ, ਪਰ ਇਸ ਦੇ ਬਾਵਜੂਦ ਵੀ ਅਜ਼ਾਦੀ ਦੇ ਇਤਿਹਾਸ ਵਿਚ ਇਸਦਾ ਯੋਗਦਾਨ ਨਾ-ਭੁੱਲਣਯੋਗ ਹੈ। ਗ਼ਦਰ ਲਹਿਰ ਵਿਚ ਸ਼ਾਮਲ ਯੋਧਿਆਂ ਦੇ ਅੰਗ-ਅੰਗ ਵਿਚ ਭਾਰਤ ਨੂੰ ਗ਼ੁਲਾਮੀ ਤੋਂ ਮੁਕਤ ਕਰਵਾਉਣ ਦਾ ਰੋਹ ਸਮਾਇਆ ਹੋਇਆ ਸੀ। ਗ਼ਦਰ ਲਹਿਰ ਨਾਲ ਜੁੜੇ ਦੇਸ਼ਭਗਤਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਕਰ ਦਿੱਤੀ ਅਤੇ ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਸਮਾਜਿਕ ਬਰਾਬਰੀ ਦਾ ਸਮਾਜ ਸਿਰਜਣ ਲਈ ਸੰਘਰਸ਼ ਕਰਦੇ ਰਹੇ। ਭਾਰਤ ਦੀ ਅਜ਼ਾਦੀ ਲਈ ਉੱਠੀਆਂ ਲਹਿਰਾਂ ਵਿਚੋਂ ਗ਼ਦਰ ਲਹਿਰ ਦੀਆਂ ਕੁਰਬਾਨੀ ਦਾ ਕੋਈ ਵੀ ਲਹਿਰ ਸਾਨੀ ਨਹੀਂ ਹੈ। ਗ਼ਦਰ ਲਹਿਰ ਨੇ ਭਾਰਤੀਆਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਗ਼ੁਲਾਮੀ ਨੂੰ ਦੂਰ ਕਰਨ ਲਈ ਸੰਘਰਸ਼ ਲਈ ਤਿਆਰ ਕੀਤਾ। ਗ਼ਦਰ ਲਹਿਰ ਭਾਰਤੀ ਰਾਸ਼ਟਰਵਾਦ ਦੇ ਉਭਾਰ ਅਤੇ ਹੋਰ ਕ੍ਰਾਂਤੀਕਾਰੀ ਅੰਦੋਲਨਾਂ ਨੂੰ ਪ੍ਰਭਾਵਿਤ ਕੀਤਾ। ਅਜਿਹੇ ਰਾਸ਼ਟਰਵਾਦ ਦੀ ਭਾਵਨਾ ਉਨ੍ਹਾਂ ਵਿਚ ਭਾਰਤੀ ਸਭਿਆਚਾਰ/ਸੰਸਕ੍ਰਿਤੀ, ਧਰਮ, ਦਰਸ਼ਨ, ਵਿਸ਼ਵ ਭਰ ਦੇ ਇਨਕਲਾਬ ਆਦਿ ਤੋਂ ਕੁੱਟ-ਕੁੱਟ ਕੇ ਭਰੀ ਹੋਈ ਸੀ। ਅੱਜ ਵੀ ਗ਼ਦਰੀਆਂ ਦਾ ਇਤਿਹਾਸ ਪੜ੍ਹਦਿਆਂ ਆਪਣੇ ਆਪ ਹੀ ਉਨ੍ਹਾਂ ਨੂੰ ਸਿਜਦਾ ਕਰਨ ਲਈ ਸਿਰ ਝੁੱਕ ਜਾਂਦਾ ਹੈ ਉਨ੍ਹਾਂ ਦੇ ਇਤਿਹਾਸ ਨੂੰ ਵਿਸ਼ਵ ਦੀ ਅਜ਼ਾਦੀ ਲਈ ਲੜੇ ਗਏ ਘੋਲਾਂ ਵਿਚ ਸ਼ਾਮਲ ਕਰਨਾ ਅਤਿ ਜ਼ਰੂਰੀ ਹੈ। ਗ਼ਦਰ ਲਹਿਰ ਭਾਰਤ ਦੀ ਅਜ਼ਾਦੀ ਲਈ ਚੱਲੀਆਂ ਲਹਿਰਾਂ ਦੀ ਮਾਰਗ ਦਰਸ਼ਕ ਰਹੀ ਹੈ ਕਿਰਤੀ ਲਹਿਰ ਗ਼ਦਰ ਲਹਿਰ ਦੇ ਸਿਧਾਂਤਾਂ ਦਾ ਅਗਲਾ ਪੜਾਅ ਕਹੀ ਜਾ ਸਕਦੀ ਹੈ। ਭਾਰਤ ਨੂੰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਲਈ ਉੱਠੀਆਂ ਲਹਿਰਾਂ ਵਿਚ ਗ਼ਦਰ ਲਹਿਰ ਦੇ ਇਤਿਹਾਸ ਨੂੰ ਦੁਹਰਾਇਆ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ


1. *ਪ੍ਰੀਤਮ, ਭਗਵਾਨ ਸਿੰਘ, ਜੰਗ ਔਰ ਆਜ਼ਾਦੀ, ਸੁਰਿੰਦਰ ਪਾਲ ਸਿੰਘ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ:43*
2. *ਭਕਨਾ, ਬਾਬਾ ਸੋਹਣ ਸਿੰਘ, ਗ਼ਦਰ ਪਾਰਟੀ ਉਰਦੂ ਹੱਥ ਲਿਖਤ ਤੋਂ ਅਨੁਵਾਦ, ਐਨ. ਕੇ. ਜੋਸ਼ੀ ਅਤੇ ਸਬਦੀਸ਼ (ਅਨੁ.), ਪੰਨਾ:3*
3. *ਬਿਲਗਾ, ਭਗਤ ਸਿੰਘ, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, 1989 ਪੰਨਾ:15*
4. *ਬਾਬਾ ਸੋਹਣ ਸਿੰਘ ਭਕਨਾ, ਗ਼ਦਰ ਪਾਰਟੀ ਉਰਦੂ ਹੱਥ ਲਿਖਤ ਤੋਂ ਅਨੁਵਾਦ, ਪੰਨਾ:5*
5. *ਪ੍ਰਿਥਵੀ ਸਿੰਘ ਆਜ਼ਾਦ, ਮੌਖਿਕ ਇਤਿਹਾਸ ਇੰਟਰਵਿਊ, ਨਹਿਰੂ ਸਮਾਰਕ ਸੰਗ੍ਰਹਾਲਯ ਔਰ ਲਾਇਬਰੇਰੀ, ਨਵੀਂ ਦਿੱਲੀ, 1976(6 ਜਨਵਰੀ) ਪੰਨਾ:16*
6. *ਗੁਰਚਰਨ ਸਿੰਘ ਸਹਿੰਸਰਾ, ਗ਼ਦਰ ਪਾਰਟੀ ਦਾ ਇਤਿਹਾਸ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, 2015, ਪੰਨਾ:93*
7. *ਸੋਹਣ ਸਿੰਘ ਭਕਨਾ, ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ (ਹੱਥਲਿਖਤ), ਪੰਨਾ:27*
8. *-ਉਹੀ-, ਪੰਨਾ:37*
9. *-ਉਹੀ-, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ:23*
10. *ਜੇ. ਐਸ. ਗਰੇਵਾਲ, ਹਰੀਸ਼ ਕੇ. ਪੁਰੀ, ਇੰਦੂ ਬਾਂਗਾ (ਸੰਪਾ.), ਗ਼ਦਰ ਲਹਿਰ ਪਿਛੋਕੜ, ਵਿਚਾਰਧਾਰਾ, ਅਮਲ ਅਤੇ ਵਿਰਸਾ, ਦਲੀਪ ਸਿੰਘ ਉੱਪਲ (ਅਨੁ.), ਪਬਲੀਕੇਸ਼ਨ ਬਿਊਰੋ, ਪਟਿਆਲਾ, 2019 ਪੰਨਾ:162*
11. *-ਉਹੀ-, ਗ਼ਦਰ ਪਾਰਟੀ ਦਾ ਇਤਿਹਾਸ, ਪੰਨਾ:115*
12. *-ਉਹੀ-, ਪੰਨਾ:117*
13. *ਗ਼ਦਰ ਦੀ ਗੂੰਜ ਦੇਸ਼ ਭਗਤਾਂ ਦੀ ਬਾਣੀ, ਪ੍ਰਕਾਸ਼ਕ ਯੁਗਾਂਤਰ ਆਸ਼ਰਮ, ਸਾਨਫਰਾਂਸਿਸਕੋ, 1914, ਪੰਨਾ:29*
14. *-ਉਹੀ-, ਪੰਨਾ:4*
15. *ਲਾਲਾ ਹਰਦਿਆਲ, ਨਵੇਂ ਜ਼ਮਾਨੇ ਦੇ ਨਵੇਂ ਆਦਰਸ਼, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, 1994, ਪੰਨਾ:3*
16. *ਉਹੀ, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ:49*
17. *-ਉਹੀ-, ਪੰਨਾ:49*
18. *ਗਿਆਨੀ ਕੇਸਰ ਸਿੰਘ, ਗ਼ਦਰ ਲਹਿਰ ਦੀ ਵਾਰਤਕ, ਸੰਪਾ. ਕਿਰਪਾਲ ਸਿੰਘ ਕਸੇਲ, ਪਬਲੀਕੇਸ਼ਨ ਬਿਊਰੋ, ਪਟਿਆਲਾ, 2008, ਪੰਨਾ:199*
19. *-ਉਹੀ-, ਪੰਨਾ:67*
20. *-ਉਹੀ-, ਗ਼ਦਰ ਪਾਰਟੀ ਦਾ ਇਤਿਹਾਸ, ਪੰਨਾ:101*
21. *-ਉਹੀ-, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ:32*

22. ਪ੍ਰੀਤਮ, ਭਾਈ ਭਗਵਾਨ ਸਿੰਘ, ਜੰਗ ਔਰ ਆਜ਼ਾਦੀ, ਪੰਨਾ:72

23. ਸੋਹਣ ਸਿੰਘ ਭਕਨਾ, ਦਾਸਤਾਨ-ਏ-ਜ਼ਿੰਦਗੀ (ਹੱਥਲਿਖਤ), ਪੰਨਾ:21

24. ਸੋਹਣ ਸਿੰਘ ਭਕਨਾ, ਸਵਾਲ-ਜਵਾਬ, ਯੁਵਕ ਕੇਂਦਰ, ਜਲੰਧਰ, 1969, ਪੰਨਾ:2

25. ਗਿਆਨੀ ਕੇਸਰ ਸਿੰਘ, ਗ਼ਦਰ ਲਹਿਰ ਦੀ ਵਾਰਤਕ, ਪੰਨਾ:32

***Cite this Article-***

ਕਰਮਜੀਤ ਕੌਰ (Karamjeet Kaur), ਭਾਰਤ ਦੀ ਅਜ਼ਾਦੀ ਵਿਚ ਗ਼ਦਰ ਲਹਿਰ ਦਾ ਯੋਗਦਾਨ (BHARAT DI AZADI VICH GADAR LAHIR DA YOGDAAN) *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 25-35.*

***Journal URL:*** www.armaan.org.in

**DOI:** https://doi.org/10.64119/armaan.vol.3.issue3.05

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*